# ਕਣਕਾਂ ਦਰਗਾਹੁ ਚੱਲੀਆਂ

# ਕਣਕਾਂ ਦਰਗਾਹੁ ਚੱਲੀਆਂ

ਬਲਬੀਰ ਬਗੀਚਾ ਸਿੰਘ ਧਾਲੀਵਾਲ

# Kankan Dargah Chalian

*by*

**Balbir Bagicha Singh Dhaliwal**
Assistant Professor, Veterinary Public Health
Guru Angad Dev Veterinary and Animal Sciences University, Ludhiana
Mob: 92162-57392 Office: 0161-2414009
Email: balbirpau@rediffmail.com

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© BBS Dhaliwal 2010*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਤਤਕਰਾ


- ਮੁਰਸ਼ਦ 7
- ਦੁਨੀਆ 10
- ਰੱਬ ਨੂੰ ਲੱਭਣ ਚੱਲੀਏ ਯਾਰ 11
- ਦੇਸ਼-ਪ੍ਰੇਮ 12
- ਜੁਗਨੀ 14
- ਮਿੱਟੀ ਦੇਸ਼ ਪੰਜਾਬ ਦੀ 15
- ਗ਼ਜ਼ਲ 17
- ਅੰਤਿਮ-ਇੱਛਾ 18
- ਗੀਤ 21
- ਇਸ਼ਕਾ ਵੇ 22
- ਕਣਕਾਂ ਦਰਗਾਹੁ ਚੱਲੀਆਂ 24
- ਪੁਤਲਾ 27
- ਚੁੱਲੇ ਦੀਆਂ ਲੱਕੜਾਂ 29
- ਇਸ਼ਕ ਸੁੱਖੇ ਦਾ ਬੂਟਾ ਹੋ 31
- ਸਜ਼ਾ 32
- ਚੰਨਾ ਵੇ 34
- ਮੇਰੇ ਗੀਤ 36
- ਸੁਰਖ਼ਾਬ 38
- ਅਮਰਵੇਲ 41
- ਸੱਜਣ ਜੀ 44
- ਪੂਜਾ 47
- ਅੱਕ ਦੇ ਫੁੱਲ 50
- ਬੁੱਤ 52
- ਪਰਮਾਤਮਾ 55
- ਲੋਰੀ 58
- ਪਹਿਰ 61
- ਸੱਸੀ 63
- ਅੱਕ 66
- ਖੇਤੀ ਦਾ ਭਵਿੱਖ 68

## ਮੁਰਸ਼ਦ

ਪਿੱਪਲਾ ਵੇ
ਹਰਿਔਲਿਆ
ਦੇਵੀਂ ਵੇ ਰੱਬ ਮਿਲਾ
ਰੱਬ ਰੁੱਖਾਂ ਦੇ
ਸਭ ਤੋਂ ਨੇੜੇ
ਮੁਰਸ਼ਦ ਮੇਲ ਕਰਾ।

ਪਿੱਪਲਾ ਵੇ
ਹਰਿਔਲਿਆ
ਦੇਵੀਂ ਵੇ ਰੱਬ ਮਿਲਾ
ਕੀਕੁਣ ਬੈਠਾ
ਸਿਖਰ-ਦੁਪਹਿਰੀਂ
ਅਗਨ-ਸਮਾਧੀ ਲਾ
ਉਮਰੋਂ- ਲੰਮੇ
ਇਸ਼ਕ ਦੇ ਚਿੱਲੇ
ਕੁਝ ਤਾਂ ਯਾਰ ਸਿਖਾ
ਹੋਂਠ ਨਾ ਹਿੱਲਣ
ਲਫ਼ਜ਼ ਨਾ ਉੱਚਰੇ
ਕਲਮਾ ਏ ਯਾਰ ਪੜ੍ਹਾ।

ਪਿੱਪਲਾ ਵੇ
ਹਰਿਔਲਿਆ
ਦੇਵੀਂ ਵੇ ਰੱਬ ਮਿਲਾ
ਮੈਂ ਨਿੱਕੀ ਉਮਰੇ
ਸੋਹਣਿਆ
ਲਏ ਵੱਡੇ ਪਾਪ ਚੜ੍ਹਾ
ਰੋਮ-ਰੋਮ ਤੇ

ਝੂਠ-ਫ਼ਰੇਬਾਂ
ਲਏ ਆਲ੍ਹਣੇ ਪਾ
ਇਕੋ ਸੁਪਨਾ
ਰਾਂਗਲਾ
ਮੈਨੂੰ ਰੱਬ ਦੇਖਣ ਦਾ ਚਾਅ।

ਪਿੱਪਲਾ ਵੇ
ਹਰਿਔਲਿਆ
ਦੇਵੀਂ ਵੇ ਰੱਬ ਮਿਲਾ
ਤੁਸੀਂ ਅਸਾਡੇ
ਕਾਮਿਲ ਮੁਰਸ਼ਦ
ਬੈਠੇ ਭਗਵੇਂ ਪਾ
ਨਿੱਤ ਚਿੜੀਆਂ ਦੇ
ਹੋਣ ਮੁਸ਼ਾਇਰੇ
ਗੀਤ ਸਾਈਂ ਦੇ ਗਾ
ਬੰਦਿਆਂ ਵਿੱਚੋਂ
ਮੁੱਕ ਚੁੱਕਿਆ ਹੈ
ਪਹਿਲਾਂ ਵਾਲਾ ਤਾਅ।

ਪਿੱਪਲਾ ਵੇ
ਹਰਿਔਲਿਆ
ਦੇਵੀਂ ਵੇ ਰੱਬ ਮਿਲਾ
ਰੁੱਤ ਫਿਰੀ
ਤੇਰੇ ਸਾਰੇ ਪੱਤੇ
ਲਾਹ ਕੇ ਲੈ ਗਈ ਵਾ
ਟਾਹਣੀ ਤੇਰੀ
ਤੋੜ ਕੇ

ਕਿਸੇ ਚੁੱਲਾ ਲਿਆ ਧੁਖਾ
ਲੱਕੜ-ਹਾਰੇ
ਆ ਗਏ
ਤੁਸੀਂ ਦਿੱਤਾ ਸ਼ੁਕਰ ਮਨਾ।

ਪਿੱਪਲਾ ਵੇ
ਹਰਿਔਲਿਆ
ਦੇਵੀਂ ਵੇ ਰੱਬ ਮਿਲਾ
ਰੱਬ ਰੁੱਖਾਂ ਦੇ
ਸਭ ਤੋਂ ਨੇੜੇ
ਮੁਰਸ਼ਦ ਮੇਲ ਕਰਾ॥

***

## ਦੁਨੀਆ

ਕਿਤੇ ਚਾਅ ਹੈ ਨਵਿਆਂ ਪੱਤਿਆਂ ਦਾ
ਕਿਤੇ ਸੋਗ ਹੈ ਪਿਛਲੇ ਲੱਥਿਆਂ ਦਾ
ਮੇਰੇ ਅੰਦਰ ਵੀ ਇੱਕ ਦੁਨੀਆ ਹੈ।
ਕਿਤੇ ਨਾਮ ਹੈ ਮਿੱਤਰ ਪਿਆਰੇ ਦਾ
ਕਿਤੇ ਹਉਕਾ ਬੇਸਹਾਰੇ ਦਾ
ਮੇਰੇ ਅੰਦਰ ਵੀ ਇੱਕ ਦੁਨੀਆ ਹੈ।
ਕਿਤੇ ਗਲੀਆਂ ਵਿੱਚ ਵਣਜਾਰੇ ਨੇ
ਕਿਤੇ ਵੰਗਾਂ ਤੋੜਨ ਵਾਲੇ ਨੇ
ਮੇਰੇ ਅੰਦਰ ਵੀ ਇੱਕ ਦੁਨੀਆ ਹੈ।
ਕਿਤੇ ਬੇਚੈਨੀ ਸੰਨਾਟਾ ਹੈ।
ਕਿਤੇ ਰੌਲਾ-ਰੱਪਾ ਹਾਸਾ ਹੈ।
ਮੇਰੇ ਅੰਦਰ ਵੀ ਇੱਕ ਦੁਨੀਆ ਹੈ।
ਕਿਤੇ ਚਾਰ-ਚੁਫੇਰੇ ਪਾਪ ਚੜ੍ਹੇ
ਕਿਤੇ ਰੀਝਾਂ ਰੱਬ ਦੇ ਪੈਰ ਫੜੇ
ਮੇਰੇ ਅੰਦਰ ਵੀ ਇੱਕ ਦੁਨੀਆ ਹੈ।
ਕਿਤੇ ਕਿਸਮਤ ਜ਼ਾਲਿਮ ਖੋਟੀ ਹੈ
ਕਿਤੇ ਬੰਦਾ ਖ਼ੁਦ ਦਾ ਦੋਸ਼ੀ ਹੈ
ਮੇਰੇ ਅੰਦਰ ਵੀ ਇੱਕ ਦੁਨੀਆ ਹੈ।
ਮੈਂ ਉਸ ਦੁਨੀਆ ਵਿੱਚ ਰਹਿੰਦਾ ਹਾਂ
ਤੇ ਦਿਲ ਦੀ ਦਿਲ ਨੂੰ ਕਹਿੰਦਾ ਹਾਂ
ਮੇਰੇ ਅੰਦਰ ਵੀ ਇੱਕ ਦੁਨੀਆ ਹੈ
ਮੇਰੇ ਅੰਦਰ ਵੀ ਇੱਕ ਦੁਨੀਆ ਹੈ।।

***

## ਰੱਬ ਨੂੰ ਲੱਭਣ ਚੱਲੀਏ ਯਾਰ

ਰੱਬ ਨੂੰ ਲੱਭਣ ਚੱਲੀਏ ਯਾਰ
ਰੱਬ ਨੂੰ ਲੱਭਣ ਚੱਲੀਏ ਯਾਰ।

ਪੌਣਾਂ ਤੁਰੀਆਂ ਪੰਛੀ ਤੁਰ ਗਏ
ਮਿੱਟੀ ਪਾਣੀ ਕਦ ਦੇ ਰੁੜ ਗਏ
ਆਪਾਂ ਵੀ ਕੁਝ ਹੱਲੀਏ ਯਾਰ।

ਮਨ ਮੰਦਿਰ ਹਉਮੈ ਦਾ ਡੇਰਾ
ਦਿਲ ਮਸਜਿਦ ਲੱਖ ਕੂੜ ਹਨੇਰਾ
ਕਿਹੜਾ ਅੰਦਰ ਥੱਲੀਏ ਯਾਰ।

ਦੁਨੀਆਦਾਰੀ ਜਗਤ ਤਮਾਸ਼ੇ
ਹੁਸਨ ਜਵਾਨੀ ਹਉਕੇ ਹਾਸੇ
ਇੱਕ ਤੋਂ ਵੱਧ ਕੇ ਛੱਲੀਏ ਯਾਰ।

ਮੁੱਕੀਆਂ ਸੱਚ ਦੀਆਂ ਕਲਮ ਦਵਾਤਾਂ
ਇਸ਼ਕ ਦੀ ਬੋਲੀ ਮੋਹ ਦੀਆਂ ਬਾਤਾਂ
ਕਿੰਜ ਸੁਨੇਹਾ ਘੱਲੀਏ ਯਾਰ।

ਰੱਬ ਨੂੰ ਲੱਭਣ ਚੱਲੀਏ ਯਾਰ
ਰੱਬ ਨੂੰ ਲੱਭਣ ਚੱਲੀਏ ਯਾਰ।।

***

## ਦੇਸ਼-ਪ੍ਰੇਮ

ਚੰਗਾ ਹੁੰਦਾ
ਕਿਸੇ ਨੂੰ ਪਿਆਰ ਕਰਨਾ
ਹੋਰ ਚੰਗਾ ਹੁੰਦਾ
ਅੱਲ੍ਹਾ ਨੂੰ ਯਾਦ ਕਰਨਾ
ਪਰ ਸਭ ਤੋਂ ਚੰਗਾ ਹੁੰਦਾ
ਆਪਣੇ ਦੇਸ਼ ਲਈ ਮਰਨਾ।

ਮਾੜੀ ਹੁੰਦੀ
ਇਸ਼ਕ ਵਿੱਚ ਹੁਸ਼ਿਆਰੀ
ਹੋਰ ਮਾੜੀ ਹੁੰਦੀ
ਗਰੀਬਾਂ ਦੀ ਮਾਰੋਮਾਰੀ
ਪਰ ਸਭ ਤੋਂ ਮਾੜੀ ਹੁੰਦੀ
ਆਪਣੀ ਮਿੱਟੀ ਨਾਲ ਗੱਦਾਰੀ।

ਗਲਤ ਹੁੰਦਾ
ਪਰਾਇਆ ਹੱਕ ਖਾਣਾ
ਹੋਰ ਗਲਤ ਹੁੰਦਾ
ਖ਼ੁਸ਼ਾਮਦ ਲਈ ਗਾਣਾ
ਪਰ ਸਭ ਤੋਂ ਗਲਤ ਹੁੰਦਾ
ਆਪਣਾ ਦੇਸ਼ ਛੱਡ ਜਾਣਾ।

ਸੱਚ ਹੁੰਦਾ
ਸੂਰਜ ਦਾ ਚੜ੍ਹਨਾ
ਹੋਰ ਸੱਚ ਹੁੰਦਾ
ਜੰਮਣਾ ਤੇ ਮਰਨਾ
ਪਰ ਸਭ ਤੋਂ ਸੱਚ ਹੁੰਦਾ
ਮਿੱਟੀ ਵਿੱਚ ਰਲਣਾ।

ਪੁੰਨ ਹੁੰਦਾ
ਪਾਣੀ ਪਿਲਾਉਣਾ
ਹੋਰ ਪੁੰਨ ਹੁੰਦਾ
ਕੋਈ ਰੁੱਖ ਲਾਉਣਾ
ਪਰ ਸਭ ਤੋਂ ਪੁੰਨ ਹੁੰਦਾ
ਆਪਣੇ ਦੇਸ਼ ਲਈ ਜਿਉਣਾ।।

***

## ਜੁਗਨੀ

ਮੇਰੀ ਜੁਗਨੀ ਲੱਭਦੀ ਅੱਲਾ ਨੂੰ
ਦੋ ਧੁਰ ਦਰਗਾਹੁ ਦੀਆਂ ਗੱਲਾਂ ਨੂੰ।
ਕਿਤੇ ਅੰਦਰ ਚੈਨ ਗਵਾਚੇ ਨੂੰ
ਕਿਤੇ ਬਾਹਰ ਦੂਰ ਇਕੱਲਾਂ ਨੂੰ।।

ਕਦੇ ਦੇਖੇ ਖੋਲ੍ਹ ਕਿਤਾਬਾਂ ਨੂੰ
ਕਦੇ ਛੇੜ ਕੇ ਦੇਖੇ ਸਾਜ਼ਾਂ ਨੂੰ
ਰੱਬ ਮਿਲੇ ਫਕੀਰਾਂ ਸਾਧਾਂ ਨੂੰ
ਨਹੀਂ ਮਿਲਦਾ ਬੇਨਿਵਾਜਾਂ ਨੂੰ।

ਕਦੇ ਲੱਭਦੀ ਭੁੱਲੀਆਂ ਰਾਹਾਂ ਨੂੰ
ਨਹੀਂ ਦਿਸਦਾ ਅਲਫ ਨਿਗਾਹਾਂ ਨੂੰ
ਕੀ ਕਰਨਾ ਵਗਦੇ ਸਾਹਾਂ ਨੂੰ
ਕਿਸ ਰੋਜ਼ ਸੁਣੇਂਗਾ ਆਹਾਂ ਨੂੰ।

ਕਦੇ ਪੁੱਛਦੀ ਰੁੱਖ ਵਿਚਾਰੇ ਨੂੰ
ਉਸ ਮੁਰਸ਼ਦ ਅੰਤ ਸਹਾਰੇ ਨੂੰ
ਕਿੰਜ ਪਾਈਏ ਦੂਰ ਕਿਨਾਰੇ ਨੂੰ
ਉਸ ਲਾਲਾਂ ਦੇ ਵਣਜਾਰੇ ਨੂੰ।

ਕਦੇ ਬੈਠ ਫਰੋਲੇ ਮਿੱਟੀ ਨੂੰ
ਖ਼ੁਦ ਮਨ ਤੇ ਰੂੜੀ ਸਿੱਟੀ ਨੂੰ
ਰੱਬ ਮਿਲਦਾ ਹੈ ਕਿ ਨਹੀਂ ਮਿਲਦਾ
ਕਬਰਾਂ ਤੇ ਚਾਦਰ ਚਿੱਟੀ ਨੂੰ।

***

## ਮਿੱਟੀ ਦੇਸ਼ ਪੰਜਾਬ ਦੀ

ਮਿੱਟੀ ਦੇਸ਼ ਪੰਜਾਬ ਦੀ
ਮਿੱਟੀ ਦੇਸ਼ ਪੰਜਾਬ ਦੀ
ਵੈਰੀ ਦੀ ਅੱਖ ਵਿੱਚ ਰੜਕਦੀ
ਸੱਜਣਾਂ ਲਈ ਜਾਨਾਂ ਵਾਰਦੀ।

ਮਿੱਟੀ ਏਹ ਕਾਲੇ ਰੰਗ ਦੀ
ਲੋਹੇ ਦੇ ਬੰਦੇ ਜੰਮਦੀ
ਮਿਹਨਤ ਦਾ ਦਿੱਤਾ ਖਾਂਵਦੀ
ਸੋਨੇ ਦੇ ਦਾਣੇ ਵੰਡਦੀ
ਖੰਡ-ਮਿਸ਼ਰੀ ਨਾਲੋਂ ਮਿੱਠੜੀ
ਘੁੱਟ ਚਾਂਦੀ ਰੰਗੇ ਆਬ ਦੀ।

ਮਿੱਟੀ ਏਹ ਮਹਿਕਾਂ ਦੀ ਭਰੀ
ਰਤਨਾਂ ਜਵਾਹਰਾਂ ਦੀ ਡਲੀ
ਕੋਈ ਰੋੜਾ ਕੰਕਰ ਠੀਕਰੀ
ਸਿੱਟੀਏ ਤਾਂ ਹੋ ਜਾਂਦੀ ਹਰੀ
ਦੁਨੀਆ ਨੂੰ ਪਿੱਛੇ ਲਾ ਲਿਆ
ਜਦ ਵੀ ਕਿਸੇ ਪਿੰਡੇ ਮਲ਼ੀ
ਕਈ ਰੁੱਤਾਂ ਦੇਖਣ ਆਉਂਦੀਆਂ
ਧਰਤੀ ਇਲਾਹੀ ਖ਼ਾਬ ਦੀ।

ਮਿੱਟੀ ਏਹ ਧਰਤੀ ਰੱਬ ਦੀ
ਪੁੰਨ-ਦਾਨ ਕਰੇ ਤਾਂ ਲੱਭਦੀ
ਜਿੱਥੇ ਹਰ ਦਿਨ ਛਿੰਜਾਂ ਪੈਂਦੀਆਂ
ਹਰ ਰੋਜ਼ ਵਿਸਾਖੀ ਲੱਗਦੀ
ਕਿਤੇ ਢੋਲ ਤੇ ਚਿਮਟਾ ਖੜਕਦੇ
ਕਿਤੇ ਢੱਡ-ਸਰੰਗੀ ਵੱਜਦੀ

ਜਿਥੇ ਰੋਜ਼ ਸਵੇਰੇ ਗੂੰਜਦੀ
ਬੜੀ ਮਿੱਠੀ ਧੁਨ ਰਬਾਬ ਦੀ।

ਮਿੱਟੀ ਏਹ ਡੁੱਲ੍ਹੀ ਰੱਤ ਦੀ
ਸੂਲੀ 'ਤੇ ਚੜ੍ਹ ਕੇ ਹੱਸਦੀ
ਦੁੱਖਾਂ ਦੇ ਸੋਹਿਲੇ ਗਾਂਵਦੀ
ਅੰਗਿਆਰਿਆਂ 'ਤੇ ਨੱਚਦੀ
ਸੱਚੇ ਹੁਸਨ, ਵਤਨ ਤੇ ਰੱਬ ਦੇ
ਆਸ਼ਿਕ ਹਜ਼ਾਰਾਂ ਰੱਖਦੀ
ਹਰ ਵਰਕੇ ਉੱਤੇ ਵੱਖਰੀ
ਲਿਖੀ ਗਾਥਾ ਏਸ ਕਿਤਾਬ ਦੀ।

ਮਿੱਟੀ ਦੇਸ਼ ਪੰਜਾਬ ਦੀ
ਮਿੱਟੀ ਦੇਸ਼ ਪੰਜਾਬ ਦੀ
ਵੈਰੀ ਦੀ ਅੱਖ ਵਿੱਚ ਰੜਕਦੀ
ਸੱਜਣਾਂ ਲਈ ਜਾਨਾਂ ਵਾਰਦੀ।

***

## .ਗ਼ਜ਼ਲ

ਮੈਂ ਕਹਾਣੀ ਇੱਕ ਤਰਫੇ ਪਿਆਰ ਦੀ
ਜ਼ਿੰਦਗੀ ਦੇ ਜੀਣ ਤੋਂ ਇਨਕਾਰ ਦੀ।

ਔਂਸੀਆਂ ਪਾ-ਪਾ ਘਸਾਈਆਂ ਉਂਗਲਾਂ
ਮਿਹਰ ਨਾ ਹੋਈ ਕਦੇ ਸਰਕਾਰ ਦੀ।

ਜਾਣ ਤੋਂ ਪਹਿਲਾਂ ਜ਼ਰਾ ਜਾਣਾ ਖਲੋ
ਵਾਰ ਦੇਵਾਂ ਹਰ  ਖ਼ੁਸ਼ੀ ਸੰਸਾਰ ਦੀ।

ਪਹੁੰਚ ਜਾਣਾ ਮੌਤ ਮੇਰੀ 'ਤੇ ਜਨਾਬ
ਰੀਝ ਇੱਕ ਬਾਕੀ ਤੇਰੇ ਦੀਦਾਰ ਦੀ।

ਰੋਜ਼ ਮੰਗਦਾ ਸੱਜਰੇ ਪੀੜਾਂ ਤੇ ਗਮ
ਕੀ ਕਰਾਂ ਸੇਵਾ ਦਿਲੇ ਬੀਮਾਰ ਦੀ।

***

## ਅੰਤਿਮ-ਇੱਛਾ

ਪਰੀਏ ਨੀ
ਜੇ ਤੂੰ ਜਾਣਾ ਹੈ
ਇੱਕ ਵਾਅਦਾ ਕਰ ਲੈ ਫਿਰ ਜਾਵੀਂ
ਮੈਂ ਏਸੇ ਆਸ ’ਤੇ
ਮਰ ਜਾਵਾਂ
ਮੈਨੂੰ ਅਗਲੇ ਜਨਮ ਵਿੱਚ ਮਿਲ ਜਾਵੀਂ।

ਮੈਂ ਜਾਣ ਲਿਆ
ਕਿ ਏਸ ਜਨਮ
ਮੈਂ ਹੱਸਣ ਦੇ ਲਈ ਨਹੀਂ ਬਣਿਆ
ਮੈਂ ਜਾਣ ਲਿਆ
ਕਿ ਏਸ ਜਨਮ
ਮੈਂ ਨੱਚਣ ਦੇ ਲਈ ਨਹੀਂ ਬਣਿਆ
ਮੈਂ ਜਾਣ ਲਿਆ
ਕਿ ਏਸ ਜਨਮ
ਮੈਂ ਟੱਪਣ ਦੇ ਲਈ ਨਹੀਂ ਬਣਿਆ
ਤੂੰ ਬਣ ਕੇ
ਹੰਝੂ ਚਾਵਾਂ ਦਾ
ਮੇਰੀ ਝੋਲੀ ਦੇ ਵਿੱਚ ਕਿਰ ਜਾਵੀਂ।

ਮੈਂ ਜਾਣ ਲਿਆ
ਕਿ ਏਸ ਜਨਮ
ਮੈਂ ਤਿਲ-ਤਿਲ ਕਰਕੇ ਮਰਨਾ ਹੈ
ਤੇ ਆਪਣਾ ਆਪਾ
ਫੂਕਣ ਲਈ
ਮੈਂ ਨਿੱਤ ਕੋਈ ਜੁਗਨੂੰ ਫੜਨਾ ਹੈ
ਇਸ ਧਰਤੀ ਦੇ

ਕੁੱਲ ਨਾਗਾਂ ਨੇ
ਮੇਰੀ ਜੀਭ ਦੇ ਉੱਤੇ ਲੜਨਾ ਹੈ
ਮੇਰੇ ਏਸ ਜਨਮ ਦੇ
ਕਰਜ਼ੇ ਨੇ
ਤੇਰੇ ਸੌ ਜਨਮਾਂ ਤੱਕ ਖੜ੍ਹਨਾ ਹੈ
ਤੂੰ ਗੁਲਮੋਹਰ ਦਾ
ਫੁੱਲ ਬਣੀ
ਮੇਰੀ ਮੜੀ ਦੇ ਕੋਲੇ ਖਿੜ ਜਾਵੀਂ।

ਮੈਂ ਜਾਣ ਲਿਆ ਕਿ ਏਸ ਜਨਮ
ਮੈਂ ਰੋਜ਼ ਸਵੇਰੇ ਰੋਣਾ ਹੈ
ਨਿੱਤ ਤੜਕੇ ਉੱਗਦੇ
ਸੂਰਜ ਲਈ
ਮੈਂ ਦਰ 'ਤੇ ਹੰਝੂ ਚੋਣਾ ਹੈ
ਹਰ ਜ਼ਖ਼ਮ ਤੁਹਾਡੀ
ਰਹਿਮਤ ਦਾ
ਮੈਂ ਨਾਲ ਤੇਜ਼ਾਬੀਂ ਧੋਣਾ ਹੈ
ਹਰ ਨਵਾਂ ਤਜਰਬਾ
ਪੀੜਾਂ ਦਾ
ਮੇਰੇ ਦਿਲ ਦੇ ਉੱਤੇ ਹੋਣਾ ਹੈ
ਇਸ ਜਨਮ 'ਚ
ਆਪਣੀ ਲਾਸ਼ ਲਈ
ਮੈਂ ਆਪੇ ਬਾਲਣ ਢੋਣਾ ਹੈ
ਤੂੰ ਬਣ ਕੇ ਬੱਦਲੀ
ਸ਼ਗਨਾਂ ਦੀ
ਮੇਰੇ ਸਿਦਕ ਪਹਾੜੀਂ ਘਿਰ ਜਾਵੀਂ!

ਮੈਨੂੰ ਇੰਜ ਲੱਗਦਾ
ਹੈ ਕਦੇ-ਕਦੇ
ਮੈਂ ਤੈਨੂੰ ਸੌ ਜਨਮਾਂ ਤੋਂ ਚਾਹੁੰਦਾ ਹਾਂ
ਹਰ ਜਨਮ 'ਚ
ਆਪਣੀ ਮੌਤ ਵੇਲੇ
ਮੈਂ ਏਹੀ ਬੋਲ ਅਲਾਉਂਦਾ ਹਾਂ
ਹਰ ਜਨਮ 'ਚ
ਤੈਨੂੰ ਲੱਭਣ ਲਈ
ਮੈਂ ਰੋ-ਰੋ ਹੇਕਾਂ ਲਾਉਂਦਾ ਹਾਂ
ਤੈਨੂੰ ਲੱਭਦਿਆਂ
ਗੋਰੀ ਸੱਪਣੀ ਦੀ
ਮੈਂ ਖੁੱਡ ਦੇ ਵਿੱਚ ਹੱਥ ਪਾਉਂਦਾ ਹਾਂ
ਤੇ ਮੁੱਕਣ ਲੱਗਿਆਂ
ਸੱਪਣੀ ਨੂੰ
ਮੈਂ ਏਹੀ ਗੀਤ ਸੁਣਾਉਂਦਾ ਹਾਂ
ਮੈਂ ਏਹੀ ਗੀਤ ਸੁਣਾਉਂਦਾ ਹਾਂ
ਪਰੀਏ ਨੀ
ਜੇ ਤੂੰ ਜਾਣਾ ਹੈ
ਇੱਕ ਵਾਅਦਾ ਕਰ ਲੈ ਫਿਰ ਜਾਵੀਂ
ਮੈਂ ਏਸੇ ਆਸ 'ਤੇ
ਮਰ ਜਾਵਾਂ
ਮੈਨੂੰ ਅਗਲੇ ਜਨਮ ਵਿੱਚ ਮਿਲ ਜਾਵੀਂ।

***

## ਗੀਤ

ਤੈਨੂੰ ਰੋਣ ਸ਼ਰੀਂਹ ਦੀਆਂ ਫਲੀਆਂ
ਨਿੰਮਾਂ ਤੂਤਾਂ ਵਿਚਾਰਾਂ ਕਰੀਆਂ
ਪੀਂਘਾਂ ਪਿੰਡ ਦੇ ਪਿੱਪਲ 'ਤੇ ਚੜ੍ਹੀਆਂ
ਚੰਨਾ ਵੇ ਘਰ ਆ! ਮਾਹੀ ਵੇ ਘਰ ਆ!

ਤੈਨੂੰ ਲੱਭਣ ਟਾਹਲੀ ਦੀਆਂ ਛਾਵਾਂ
ਲੁੰਗ ਕਿੱਕਰਾਂ ਦੇ ਦੇਣ ਦੁਆਵਾਂ
ਤੈਨੂੰ ਬੋਹੜਾਂ ਦੀ ਉਮਰ ਲੁਆਵਾਂ
ਚੰਨਾ ਵੇ ਘਰ ਆ! ਮਾਹੀ ਵੇ ਘਰ ਆ!!

ਤੈਨੂੰ ਖੜ-ਖੜ ਦੇਖਣ ਕਨੇਰਾਂ
ਟਾਹਣੀ ਤੋੜ ਲਈ ਬੇਰੀ ਦਿਆਂ ਬੇਰਾਂ
ਅੰਬੀ ਕਹਿੰਦੀ ਉਹ ਆਵੇ ਮੈਂ ਛੇੜਾਂ
ਚੰਨਾ ਵੇ ਘਰ ਆ! ਮਾਹੀ ਵੇ ਘਰ ਆ!

ਤੈਨੂੰ ਲੱਭਣ ਚੰਦਨ ਦੀਆਂ ਮਹਿਕਾਂ
ਗੇਂਦਾ ਪੁੱਛਦਾ ਉਹ ਆਵੇ ਮੈਂ ਟਹਿਕਾਂ
ਕਹਿੰਦਾ ਮਰੂਆ ਮੈਂ ਤੇਰੇ ਕੋਲ ਬੈਠਾਂ
ਚੰਨਾ ਵੇ ਘਰ ਆ! ਮਾਹੀ ਵੇ ਘਰ ਆ!!

ਤੈਨੂੰ ਥਾਂ-ਥਾਂ 'ਤੇ ਲੱਭਣ ਅਨਾਰਾਂ
ਚੰਬਾ ਕੱਲਾ ਤੇ ਦੁੱਖ ਨੇ ਹਜ਼ਾਰਾਂ
ਬੀਬਾ ਮੋੜੀਂ ਵੇ ਮੋੜੀਂ ਮੁਹਾਰਾਂ
ਚੰਨਾ ਵੇ ਘਰ ਆ! ਮਾਹੀ ਵੇ ਘਰ ਆ!

***

## ਇਸ਼ਕਾ ਵੇ

ਇਸ਼ਕਾ ਵੇ ਤੇਰੀ ਹਰ
ਬਾਤ ਹੀ ਹੈ ਮਾਰ ਜਾਂਦੀ
ਹਾਸੇ ਦੁੱਖਾਂ ਗਮਾਂ ਦੀ
ਸੌਗਾਤ ਹੀ ਹੈ ਮਾਰ ਜਾਂਦੀ।

ਬਹੁਤੀ ਵਾਰੀ ਮਾਰ ਜਾਂਦਾ
ਦੁੱਖੜਾ ਵਿਛੋੜਿਆਂ ਦਾ
ਕਈ ਵਾਰ ਪਹਿਲੀ
ਮੁਲਾਕਾਤ ਹੀ ਹੈ ਮਾਰ ਜਾਂਦੀ।

ਬੜੀ ਵਾਰੀ ਡੋਬ ਲੈਂਦਾ
ਇਸ਼ਕ ਹੀ ਆਸ਼ਿਕਾਂ ਨੂੰ
ਅਕਸਰ ਸਮੁੰਦਰਾਂ 'ਚ
ਪਿਆਸ ਹੀ ਹੈ ਮਾਰ ਜਾਂਦੀ।

ਮਰ ਜਾਂਦਾ ਬੰਦਾ ਉਂਜ
ਅਕਸਰ ਬੇਆਸ ਹੋ ਕੇ
ਕਦੇ-ਕਦੇ ਚੰਦਰੀ ਕੋਈ
ਆਸ ਹੀ ਹੈ ਮਾਰ ਜਾਂਦੀ।

ਮਾਰ ਲੈਂਦਾ ਭੌਰਿਆਂ ਨੂੰ
ਫੁੱਲ ਵੇ ਗੁਲਾਬ ਸੂਹਾ
ਹੱਦੋਂ ਵੱਧ ਦੋਸਤਾ
ਮਿਠਾਸ ਹੀ ਹੈ ਮਾਰ ਜਾਂਦੀ।

ਇਸ਼ਕ 'ਚ ਡੁੱਬਿਆਂ ਨੂੰ
ਮਾਰਦਾ ਨਹੀਂ ਹੋਰ ਕੋਈ
ਸ਼ਮਾਂ ਦੇ ਦੀਵਾਨੜੇ ਨੂੰ
ਲਾਟ ਹੀ ਹੈ ਮਾਰ ਜਾਂਦੀ।

ਮਾਰ ਜਾਂਦਾ ਪੰਛੀਆਂ ਨੂੰ
ਮੁੱਢ ਤੋਂ ਫਕੀਰ ਹੋਣਾ
ਬੰਦਿਆਂ ਨੂੰ ਸ਼ਿਕਵੇ ਤੇ
ਘਾਟ ਹੀ ਹੈ ਮਾਰ ਜਾਂਦੀ।

***

## ਕਣਕਾਂ ਦਰਗਾਹੁ ਚੱਲੀਆਂ

ਕਣਕਾਂ ਦਰਗਾਹੁ ਚੱਲੀਆਂ
ਕਣਕਾਂ ਦਰਗਾਹੁ ਚੱਲੀਆਂ
ਕੋਈ ਸਿਰ 'ਤੇ ਲੈ ਫੁਲਕਾਰੀਆਂ
ਚੁੰਨੀਆਂ ਦੁਪੱਟੇ ਜਾਲੀਆਂ
ਕਣਕਾਂ ਦਰਗਾਹੁ ਚੱਲੀਆਂ
ਕਣਕਾਂ ਦਰਗਾਹੁ ਚੱਲੀਆਂ।

ਅਸੀਂ ਹਾਂ ਆਦਮ ਦੀਆਂ ਰੋਟੀਆਂ
ਕੱਚੇ ਜਿਸਮ ਦੀਆਂ ਬੋਟੀਆਂ
ਆਦਮ ਦਾ ਚੁੱਲ੍ਹਾ ਬਾਲ ਕੇ
ਧਰਤੀ ਦਾ ਕਰਜ਼ ਉਤਾਰ ਕੇ
ਕਣਕਾਂ ਦਰਗਾਹੁ ਚੱਲੀਆਂ
ਕਣਕਾਂ ਦਰਗਾਹੁ ਚੱਲੀਆਂ।

ਜਿਸ ਦਿਨ ਸੀ ਕਣਕਾਂ ਜੰਮੀਆਂ
ਦੁਨੀਆ ਨੇ ਮੁੱਖੜਾ ਮੋੜਿਆ
ਕਣਕਾਂ ਨੂੰ ਮਿੱਟੀ ਰੋਲਿਆ
ਪਰ ਕਣਕਾਂ ਦਾ ਦਿਲ ਦੇਖ ਲਓ
ਮਿੱਟੀ 'ਚ ਡੇਰਾ ਲਾ ਲਿਆ
ਮਿੱਟੀ 'ਚ ਤੀਆਂ ਲੱਗੀਆਂ
ਮਿੱਟੀ 'ਚ ਗਿੱਧਾ ਪਾ ਲਿਆ
ਕਣਕਾਂ ਦੀ ਮਸਤੀ ਦੇਖ ਕੇ
ਚਾਰੇ ਦਿਸ਼ਾਵਾਂ ਹੁੱਲੀਆਂ।

ਕਣਕਾਂ ਦੀ ਸੰਦਲੀ ਸੇਜ 'ਤੇ
ਜਿਸ ਦਿਨ ਸੀ ਰੁੱਤਾਂ ਬਦਲੀਆਂ
ਕਣਕਾਂ ਦੇ ਅੰਦਰ ਸ਼ੌਕ ਸੀ

ਕਣਕਾਂ ਦੇ ਅੰਦਰ ਖ਼ਾਬ ਸੀ
ਕਣਕਾਂ ਨੂੰ ਪਈਆ ਮੁੰਜਰਾਂ
ਮੁੰਜਰਾਂ 'ਚ ਕੱਚਾ ਦੁੱਧ ਸੀ
ਮੁੰਜਰਾਂ ਦੇ ਅੰਦਰ ਮਹਿਕ ਸੀ
ਕਣਕਾਂ 'ਚੋਂ ਉੱਡੀ ਮਹਿਕ ਨੇ
ਥਾਂ-ਥਾਂ 'ਤੇ ਰਾਹਾਂ ਮੱਲੀਆਂ।

ਕਣਕਾਂ ਦੇ ਕੱਚੇ ਦੁੱਧ ਨੂੰ
ਕਣਕਾਂ ਦੇ ਅੰਦਰ ਮਹਿਕ ਨੂੰ
ਆਦਮ ਨੇ ਜਿਸ ਦਿਨ ਦੇਖਿਆ
ਆਦਮ ਦੇ ਸੀਨੇ ਤਣ ਗਏ
ਵੱਟਾਂ 'ਤੇ ਗੇੜੇ ਮਾਰ ਕੇ
ਕਣਕਾਂ ਦੇ ਰਾਖੇ ਬਣ ਗਏ
ਕੁੱਖਾਂ ਨੂੰ ਪਾਣੀ ਸਿੰਜ ਕੇ
ਕਣਕਾਂ ਦੇ ਮਾਲਕ ਬਣ ਗਏ
ਕਣਕਾਂ ਤਿਹਾਈਆਂ ਰੋਂਦੀਆਂ
ਥਾਂ-ਥਾਂ 'ਤੇ ਦੁੱਖੜੇ ਧੋਂਦੀਆਂ
ਸਦੀਆਂ ਤੋਂ ਕੱਚੇ ਦੁੱਧ ਦੀ
ਏਹੋ ਕਹਾਣੀ ਹੈ ਰਹੀ
ਕਣਕਾਂ ਦੀ ਗਾਥਾ ਅਣਕਹੀ
ਕਣਕਾਂ ਦੀ ਗਾਥਾ ਅਣਕਹੀ
ਪੀੜਾਂ ਕੁੱਲ ਧਰਤੀ ਦੀਆਂ
ਕਣਕਾਂ ਨੇ ਸਿਰ 'ਤੇ ਝੱਲੀਆਂ।

ਕਣਕਾਂ ਨੇ ਸਭ ਨੂੰ ਪਾਲਿਆ
ਕਣਕਾਂ ਨੂੰ ਜੱਗ ਨੇ ਸਾੜਿਆ
ਪੈਰਾਂ ਨੂੰ ਦਾਤੀ ਪਾ ਲਈ

ਗਰਦਨ 'ਤੇ ਪੱਤਰਾ ਮਾਰਿਆ
ਕਣਕਾਂ ਨੂੰ ਵੇਚਣ ਵਾਲਿਓ
ਕਣਕਾਂ ਦੇ ਵਣਜਾਰਿਓ
ਕਣਕਾਂ ਨੂੰ ਇੰਜ ਨਾ ਮਾਰਿਓ
ਕਣਕਾਂ ਨੂੰ ਇੰਜ ਨਾ ਮਾਰਿਓ
ਕਣਕਾਂ ਨੇ ਮਾਵਾਂ ਸਾਡੀਆਂ
ਕਣਕਾਂ  ਨੇ ਧੀਆਂ ਸਾਡੀਆਂ
ਕਣਕਾਂ ਮੰਗਣ ਅਜ਼ਾਦੀਆਂ
ਕਣਕਾਂ ਮੰਗਣ ਅਜ਼ਾਦੀਆਂ
ਧਰਤੀ ਨੂੰ ਰੱਖਣ ਵਾਸਤੇ
ਧਰਤੀ ਨੂੰ ਸਾਂਭਣ ਵਾਸਤੇ
ਸੁਰਗਾਂ ਨੇ ਪਰੀਆਂ ਘੱਲੀਆਂ।

ਕਣਕਾਂ ਦਰਗਾਹੁ ਚੱਲੀਆਂ
ਕਣਕਾਂ ਦਰਗਾਹੁ ਚੱਲੀਆਂ
ਕੋਈ ਸਿਰ 'ਤੇ ਲੈ ਫੁਲਕਾਰੀਆਂ
ਚੁੰਨੀਆਂ ਦੁਪੱਟੇ ਜਾਲੀਆਂ
ਆਦਮ ਦਾ ਚੁੱਲ੍ਹਾ ਬਾਲ ਕੇ
ਧਰਤੀ ਦਾ ਕਰਜ਼ ਉਤਾਰ ਕੇ
ਕਣਕਾਂ ਦਰਗਾਹੁ ਚੱਲੀਆਂ
ਕਣਕਾਂ ਦਰਗਾਹੁ ਚੱਲੀਆਂ।।

***

## ਪੁਤਲਾ

ਰੱਬ ਦਾ ਪੁਤਲਾ ਸਾੜੀਏ
ਰੱਬ ਦਾ ਪੁਤਲਾ ਸਾੜੀਏ
ਅਰਮਾਨਾਂ ਦਾ ਖ਼ੂਨ ਹੈ
ਮੰਦਰੀਂ ਮਸੀਤੀਂ ਚਾੜ੍ਹੀਏ।

ਏਹ ਕੈਸਾ ਕਾਨੂੰਨ ਹੈ
ਮਰਿਆਂ ਤੋਂ ਮਾੜੀ ਜੂਨ ਹੈ
ਕਿਸੇ ਲਈ ਰੱਬ ਖੰਡ ਹੈ
ਕਿਸੇ ਲਈ ਰੱਬ ਲੂਣ ਹੈ
ਦੁੱਖਾਂ ਦੀ ਡਾਹਢੀ ਭੀੜ ਵਿੱਚ
ਹਾਵਾਂ ਦੀ ਤੀਲੀ ਬਾਲ਼ੀਏ।

ਰੱਬਾ ਵੇ ਕੁੱਲ ਮੌਸਮ ਤੇਰੇ
ਸਾਰੇ ਅਮੀਰਾਂ ਦੇ ਲਈ
ਮੇਵੇ ਸੌਗਾਤਾਂ ਰਹਿਮਤਾਂ
ਵੱਡੀਆਂ ਜਗੀਰਾਂ ਦੇ ਲਈ
ਧਰਤੀ ਦੇ ਹਰ ਇੱਕ ਚੌਕ ਵਿੱਚ
ਅਸੀਂ ਦੋ ਟੁੱਕ ਰੋਟੀ ਭਾਲੀਏ।

ਕਾਲ਼ੀ ਹਨੇਰੀ ਜ਼ਿੰਦਗੀ
ਫਿਕਰਾਂ ਦਾ ਸੂਰਜ ਨਿੱਤ ਚੜ੍ਹੇ
ਥਾਂ-ਥਾਂ ਲਾਈਏ ਟਾਕੀਆਂ
ਗੁਰਬਤ ਦਾ ਸੱਪ ਫੇਰ ਲੜੇ
ਚਿੰਤਾ ਸੰਸੇ ਰੋਜ਼ ਖੜ੍ਹੇ
ਭਰਵੀਂ ਬਜ਼ਾਰੀ ਸੜਕ 'ਤੇ
ਆਵੋ ਗਲਾਵੇਂ ਪਾੜੀਏ।

ਸੀਰੀ ਰਲੇ ਹਾਂ ਉਮਰ ਭਰ
ਬਣਿਆ ਤੇ ਜੁੜਿਆ ਕੁਝ ਨਹੀਂ
ਹਾਸਿਆਂ ਦੇ ਡੋਲ ਖਾਲੀ
ਹਉਕਿਆਂ ਦੀ ਥੁੜ ਨਹੀਂ
ਰੀਝਾਂ ਦੀ ਜ਼ਿੰਦਾ ਲਾਸ਼ ਨੂੰ
ਕਿਹੜੇ ਸਮੁੰਦਰ ਤਾਰੀਏ।

ਰੱਬ ਦਾ ਪੁਤਲਾ ਸਾੜੀਏ
ਰੱਬ ਦਾ ਪੁਤਲਾ ਸਾੜੀਏ
ਅਰਮਾਨਾਂ ਦਾ ਖੂਨ ਹੈ
ਮੰਦਰੀਂ ਮਸੀਤੀਂ ਚਾੜ੍ਹੀਏ।।

***

## ਚੁੱਲ੍ਹੇ ਦੀਆਂ ਲੱਕੜਾਂ

ਚੁੱਲ੍ਹੇ ਦੀਆਂ ਲੱਕੜਾਂ
ਚੁੱਲ੍ਹੇ ਦੀਆਂ ਲੱਕੜਾਂ
ਜਿਨ੍ਹਾਂ ਦਾ ਇੱਕੋ ਧਰਮ ਹੈ
ਚੁੱਲ੍ਹੇ ਨੂੰ ਬਲਦਾ ਰੱਖਣਾ।

ਕਿਸੇ ਸਾਵੇ ਰੁੱਖ ਦੀਆਂ ਟਾਹਣੀਆਂ
ਕੁੜੀਆਂ ਚਿੜੀਆਂ ਮਰ ਜਾਣੀਆਂ
ਜਿਨ੍ਹਾਂ ਲੱਖਾਂ ਸੁਪਨੇ ਰਾਂਗਲੇ
ਤੇ ਲੱਖਾਂ ਪ੍ਰੀਤ ਕਹਾਣੀਆਂ
ਚੁੱਲ੍ਹੇ ਦੀ ਅੱਗ ਵਿੱਚ ਪਾਉਣੀਆਂ
ਤੇ ਫੂਕਾਂ ਮਾਰ ਧੁਖਾਣੀਆਂ
ਤਪਦੇ ਜਿਨ੍ਹਾਂ ਦੇ ਸਿਦਕ ਤੇ
ਧਰਤੀ ਦਾ ਆਟਾ ਪੱਕਣਾ।

ਜੰਮੀਆਂ ਤਾਂ ਚੁੱਲ੍ਹਾ ਬਾਲਿਆ
ਸਾਰਾ ਜ਼ਮਾਨਾ ਪਾਲਿਆ
ਚੁੱਲ੍ਹੇ ਦੀ ਅੱਗ ਬਲਦੀ ਰਹੇ
ਫਿਕਰਾਂ ਨੇ ਅੰਦਰ ਸਾੜਿਆ
ਨਿੱਤ ਧੁਖਦਾ ਕੋਇਲਾ ਆਸ ਦਾ
ਸਮਿਆਂ ਦੀ ਭੁੱਬਲ ਨੱਪਣਾ।

ਗੁਰਬਤ ਦੇ ਜੰਗਲ ਉੱਗੀਆਂ
ਲੰਮੀ ਬਿਮਾਰੀ ਰੁੱਝੀਆਂ
ਦੁੱਖਾਂ ਦੇ ਪੱਥਰ ਬੰਨ੍ਹ ਕੇ
ਕਲੀਆਂ ਝਨਾਂ ਵਿੱਚ ਡੁੱਬੀਆਂ
ਰੋਜ਼ ਕੱਢ ਕੇ ਕਾਲਜਾ
ਤੱਤੀ ਤਵੀ ’ਤੇ ਰੱਖਣਾ।

ਜੇ ਕਿਤੇ ਮਿਲਦਾ ਹੋਵੇ
ਕਰਮਾਂ ਨੂੰ ਅੱਲਾ ਦੇਖ ਕੇ
ਦੇਖੇ ਕੰਜਕਾਂ ਰੁਲਦੀਆਂ
ਗੈਰਾਂ ਦਾ ਚੁੱਲ੍ਹਾ ਸੇਕ ਕੇ
ਪੈਂਦਾ ਭੁੱਖਾ ਸੌਂਵਣਾ
ਰੋਟੀ ਦਾ ਸੁਪਨਾ ਦੇਖ ਕੇ
ਚੁੱਲ੍ਹੇ ਦੀਆਂ ਲੱਕੜਾਂ
ਚੱਕ ਕੇ ਬਿਠਾਵੇ ਸੇਜ 'ਤੇ
ਬਖ਼ਸ਼ ਦੇਵੇ ਕੰਜਕਾਂ ਨੂੰ
ਸੌ ਜਨਮ ਦਾ ਹੱਸਣਾ।

ਚੁੱਲ੍ਹੇ ਦੀਆਂ ਲੱਕੜਾਂ
ਚੁੱਲ੍ਹੇ ਦੀਆਂ ਲੱਕੜਾਂ
ਜਿਨ੍ਹਾਂ ਦਾ ਇਕੋ ਧਰਮ ਹੈ
ਚੁੱਲ੍ਹੇ ਨੂੰ ਬਲਦਾ ਰੱਖਣਾ।

***

## ਇਸ਼ਕ ਸੁੱਖੇ ਦਾ ਬੂਟਾ ਹੋ

ਇਸ਼ਕ ਸੁੱਖੇ ਦਾ ਬੂਟਾ ਹੋ
ਇਸ਼ਕ ਸੁੱਖੇ ਦਾ ਬੂਟਾ ਹੋ।

ਦਿਲ ਦੀ ਧਰਤੀ ਅੱਲਾ ਮਾਲੀ
ਕਈ ਸੁਰਗਾਂ ਦਾ ਝੂਟਾ ਹੋ।

ਦੋ ਪੱਤਿਆਂ ਦੀ ਕਰ ਸ਼ਰਦਾਈ
ਧੁਰ ਅੰਦਰ ਤੱਕ ਜੂਠਾ ਹੋ।

ਨਾਮ ਤੇਰੇ ਦੀ ਚੜ੍ਹੀ ਖ਼ੁਮਾਰੀ
ਰੰਗ ਉਤਾਰੇ ਝੂਠਾ ਹੋ।

ਹੱਸ-ਹੱਸ ਕੇ ਦਿਲ ਪਾਗਲ ਹੋਇਆ
ਪੀਤਾ ਪਹਿਲਾ ਸੂਟਾ ਹੋ।

ਧਰਤੀ ਉੱਤੇ ਅੰਬਰ ਥੱਲੇ
ਕੈਸਾ ਗਜ਼ਬ ਅਨੂਠਾ ਹੋ।

ਰੋ-ਰੋ ਕੇ ਫੁੱਲ ਕੰਡੇ ਬਣ ਗਏ
ਸਾਜਨ ਮੋਰਾ ਰੂਠਾ ਹੋ।

ਗਮ ਦੀ ਦੌਲਤ ਡੁੱਲ੍ਹ-ਡੁੱਲ੍ਹ ਪੈਂਦੀ
ਲੋਕਾਂ ਭਾਣੇ ਠੂਠਾ ਹੋ।

ਇਸ਼ਕ ਸੁੱਖੇ ਦਾ ਬੂਟਾ ਹੋ
ਇਸ਼ਕ ਸੁੱਖੇ ਦਾ ਬੂਟਾ ਹੋ।

ਦਿਲ ਦੀ ਧਰਤੀ ਅੱਲਾ ਮਾਲੀ
ਕਈ ਸੁਰਗਾਂ ਦਾ ਝੂਟਾ ਹੋ।

***

## ਸਜ਼ਾ

ਮੇਰਿਆ ਵੇ ਰੱਬਾ
ਤੈਨੂੰ ਪਿਆਰ ਕਰਨਾ
ਮੇਰਾ ਗੁਨਾਹ ਹੈ ਕਸੂਰ ਹੈ
ਇਸ਼ਕ ਤੇਰੇ ਦੀ
ਜੇ ਮੌਤ ਸਜ਼ਾ ਹੈ
ਤੇਰੀ ਸਹੁੰ ਮੈਨੂੰ ਕਬੂਲ ਹੈ

ਇਸ਼ਕ ਤੇਰੇ 'ਚ
ਮੁਬਾਰਕ ਨੇ ਮੈਨੂੰ
ਵਫਾ ਲਈ ਜੋ ਮਿਲਣ ਸਜ਼ਾਵਾਂ
ਹੰਝੂ ਬਣ ਕੇ
ਮੁੱਕ ਜਾਏ ਪਾਣੀ
ਹਉਕੇ ਬਣ ਕੇ ਮੁੱਕ ਜਾਣ ਸਾਹਾਂ
ਪਿਆਰ ਦੇ ਬਦਲੇ
ਦੇ ਜਾ ਪੀੜਾਂ
ਸਿਦਕ ਮੇਰਾ ਤੈਨੂੰ ਦੇਵੇ ਦੁਆਵਾਂ
ਹਿਜਰ ਤੇਰੇ ਵਿੱਚ
ਮਰ-ਮੁੱਕ ਜਾਣਾ
ਹਾਂ ਜੀ ਮੈਨੂੰ ਮਨਜ਼ੂਰ ਹੈ।

ਇਸ਼ਕ ਤੇਰੇ 'ਚ
ਮੁਬਾਰਕ ਨੇ ਮੈਨੂੰ
ਦੁੱਖ ਤਕਲੀਫਾਂ ਜ਼ੁਲਮ ਤਸੀਹੇ
ਦੀਦ ਤੇਰੀ ਲਈ
ਹਾੜੇ ਕੱਢਦੇ
ਰੀਝਾਂ ਦੇ ਮਰ ਗਏ ਪਪੀਹੇ
ਹੁਣ ਤਾਂ ਮੇਰੇ

ਧੁਖਦੇ ਦਿਲ ਨੂੰ
ਲੱਗਦੇ ਨੇ ਯਮਦੂਤ ਮਸੀਹੇ
ਤੈਨੂੰ ਲੱਭਣ
ਮੈਂ ਤਾਂ ਜਾਣਾ
ਇਸ ਦੁਨੀਆ ਤੋਂ ਦੂਰ ਹੈ।

ਇਸ਼ਕ ਤੇਰੇ 'ਚ
ਮੁਬਾਰਕ ਨੇ ਮੈਨੂੰ
ਗੂੜ 'ਨ੍ਹੇਰੀਆਂ ਕਾਲੀਆਂ ਰਾਤਾਂ
ਕੁੱਲ ਦੁਨੀਆ ਦੇ
ਤਾਅਨੇ ਮਿਹਣੇ
ਸੁੰਨੀਆਂ ਗਲੀਆਂ ਸੁੰਨੀਆਂ ਵਾਟਾਂ
ਹੁਸਨ ਤੇਰੇ ਦੀ
ਚੜ੍ਹੀ ਜਵਾਨੀ
ਇਸ਼ਕ ਮੇਰੇ ਦੀਆਂ ਮੌਤ ਸੌਗਾਤਾਂ
ਅਗਲੇ ਜਨਮ 'ਚ
ਮਿਲਣ ਦੀ ਇੱਛਾ
ਇੱਕੋ-ਇੱਕ ਹਜ਼ੂਰ ਹੈ।

ਮੇਰਿਆ ਵੇ ਰੱਬਾ
ਤੈਨੂੰ ਪਿਆਰ ਕਰਨਾ
ਮੇਰਾ ਗੁਨਾਹ ਹੈ ਕਸੂਰ ਹੈ
ਇਸ਼ਕ ਤੇਰੇ ਦੀ
ਜੇ ਮੌਤ ਸਜ਼ਾ ਹੈ
ਤੇਰੀ ਸਹੁੰ ਮੈਨੂੰ ਕਬੂਲ ਹੈ।

***

## ਚੰਨਾ ਵੇ

ਚੰਨਾ ਵੇ
ਸੋਹਣਿਆ ਚੰਨਾ
ਮੈਂ ਤੈਨੂੰ ਪਿਆਰ ਕਰ ਬੈਠੀ
ਗੋਰਾ ਰੰਗ
ਕਰ ਗਿਆ ਟੂਣਾ
ਮੈਂ ਅੱਖੀਆਂ ਚਾਰ ਕਰ ਬੈਠੀ।

ਖਿੜੀ ਸੀ
ਚਾਨਣੀ ਤੇਰੀ
ਮੈਂ ਇੱਕ ਦੋ ਥਾਲ ਭਰ ਬੈਠੀ
ਇਲਾਹੀ
ਰੂਪ ਦੀ ਪੁੰਨਿਆ
ਨਜ਼ਰ ਦੀਦਾਰ ਕਰ ਬੈਠੀ।

ਤੂੰ ਅੰਬਰਾਂ 'ਤੇ
ਮੈਂ ਧਰਤੀ 'ਤੇ
ਕਿਹੜੀ ਗੱਲ ਯਾਰ ਕਰ ਬੈਠੀ
ਮੁਹੱਬਤ
ਇਸ ਕਦਰ ਹੋਈ
ਸਿਖਰ ਨੂੰ ਪਾਰ ਕਰ ਬੈਠੀ।

ਕਦੋਂ ਮਿਲਦੇ ਨੇ
ਚੰਨ-ਤਾਰੇ
ਮੈਂ ਭੁੱਲ ਸਰਕਾਰ ਕਰ ਬੈਠੀ
ਰਹੇ ਚੜ੍ਹਦਾ
ਉਮਰ ਸਾਰੀ
ਦੁਆ ਹਰ ਵਾਰ ਕਰ ਬੈਠੀ।

ਵਿਛਾ ਕੇ
ਰਾਤ ਦੀ ਚਾਦਰ
ਤੇਰਾ ਇੰਤਜ਼ਾਰ ਕਰ ਬੈਠੀ
ਇਸ਼ਕ ਦਾ
ਸੀਰ ਡਾਢਾ ਸੀ
ਮੈਂ ਕਿਉਂ ਇਕਰਾਰ ਕਰ ਬੈਠੀ।

ਚੰਨਾ ਵੇ
ਸੋਹਣਿਆ ਚੰਨਾ
ਮੈਂ ਤੈਨੂੰ ਪਿਆਰ ਕਰ ਬੈਠੀ
ਗੋਰਾ ਰੰਗ
ਕਰ ਗਿਆ ਟੂਣਾ
ਮੈਂ ਅੱਖੀਆਂ ਚਾਰ ਕਰ ਬੈਠੀ।

***

## ਮੇਰੇ ਗੀਤ

ਮੇਰੇ ਗੀਤ ਮੇਰੇ ਲਈ ਮਾਵਾਂ ਨੇ
ਕੁਝ ਲੋਰੀ ਦੇਣ ਹਵਾਵਾਂ ਨੇ
ਪਿੱਪਲ ਦੀਆਂ ਜਾਂ ਬੋਹੜ ਦੀਆਂ
ਖੌਰੇ ਕਿਹੜੇ ਰੁੱਖ ਦੀਆਂ ਛਾਵਾਂ ਨੇ।

ਕਿਤੇ ਲੰਮੀਆਂ ਹੇਕਾਂ ਲਾਉਂਦੇ ਨੇ
ਕਿਤੇ ਹੌਲੀ-ਹੌਲੀ ਗਾਉਂਦੇ ਨੇ
ਰੋਂਦੇ ਨੂੰ ਚੁੱਪ ਕਰਾਉਂਦੇ ਨੇ
ਹੱਸਦੇ ਨੂੰ ਹੋਰ ਹਸਾਉਂਦੇ ਨੇ
ਸਦਾ ਦਿੰਦੇ ਰਹਿਣ ਦੁਆਵਾਂ ਨੇ।

ਹਰ ਰੋਜ਼ ਉਦਾਸੀ ਪੀਂਦੇ ਨੇ
ਨਿੱਤ ਮੇਰੀ ਖਾਤਿਰ ਜੀਂਦੇ ਨੇ
ਕਦੇ ਕੰਡੇ ਬਣ ਕੇ ਥੀਂਦੇ ਨੇ
ਕਦੇ ਫੁੱਲਾਂ ਨਾਲ ਸੁਣੀਂਦੇ ਨੇ
ਕੁਝ ਬੁੱਕਲ ਵਾਂਕਣ ਥਾਵਾਂ ਨੇ।

ਮੈਨੂੰ ਅੰਬਰੀਂ ਲੈ ਕੇ ਜਾਂਦੇ ਨੇ
ਜੀਵਨ ਦੀ ਜਾਚ ਸਿਖਾਂਦੇ ਨੇ
ਦੁਨੀਆ ਦੇ ਰੰਗ ਦਿਖਾਂਦੇ ਨੇ
ਸਾਰਾ ਦੁੱਖ ਤੇ ਦਰਦ ਵੰਡਾਂਦੇ ਨੇ
ਮੈਨੂੰ ਪਾਗਲ ਕੀਤਾ ਚਾਵਾਂ ਨੇ।

ਮੇਰੇ ਗੀਤਾਂ ਵਿੱਚ ਰੂਹ ਵੱਸਦੀ ਹੈ
ਪਰ ਕਿਸੇ-ਕਿਸੇ ਨਾਲ ਹੱਸਦੀ ਹੈ
ਕਦੇ ਡੂੰਘੇ ਭੇਤ ਵੀ ਦੱਸਦੀ ਹੈ
ਕਦੇ ਸੱਪਣੀ ਵਾਂਕਣ ਨੱਸਦੀ ਹੈ
ਨਾਂ ਆਖੋ ਦੰਦ-ਕਥਾਵਾਂ ਨੇ।

ਮੇਰੇ ਗੀਤ ਮੇਰੇ ਲਈ ਮਾਵਾਂ ਨੇ
ਕੁਝ ਲੋਰੀ ਦੇਣ ਹਵਾਵਾਂ ਨੇ
ਪਿੱਪਲ ਦੀਆਂ ਜਾਂ ਬੋਹੜ ਦੀਆਂ
ਖੌਰੇ ਕਿਹੜੇ ਰੁੱਖ ਦੀਆਂ ਛਾਵਾਂ ਨੇ।।

***

## ਸੁਰਖ਼ਾਬ

ਵੇ ਸੁਰਖ਼ਾਬਾ
ਮੈਂਡਾ ਦੂਰ ਹੈ ਕਾਬਾ
ਮੈਨੂੰ ਦੇ ਦੇ ਖੰਭ ਉਧਾਰੇ
ਓਸ ਕੁੜੀ ਦੇ
ਪਿੰਡ ਦੇ ਰਾਹੀਂ
ਪੈਣ ਸਮੁੰਦਰ ਖਾਰੇ।

ਵੇ ਸੁਰਖ਼ਾਬਾ
ਮੈਂਡਾ ਦੂਰ ਹੈ ਕਾਬਾ
ਮੈਨੂੰ ਦੇ ਦੇ ਖੰਭ ਉਧਾਰੇ
ਓਸ ਕੁੜੀ ਦੇ
ਪਿੰਡ ਦੇ ਰਾਹੀਂ
ਮਾਰੂਥਲ ਨੇ ਭਾਰੇ
ਓਸ ਕੁੜੀ ਦੇ
ਪਿੰਡ ਦੇ ਰਾਹੀਂ
ਪਰਬਤ ਚੁੰਮਦੇ ਤਾਰੇ
ਓਸ ਕੁੜੀ ਦੇ
ਪਿੰਡ ਦੇ ਰਾਹੀਂ
ਖੂਹਾਂ ਦੇ ਭਰਮਾਰੇ
ਇਸ ਧਰਤੀ ਦੇ
ਪਰਲੇ ਪਾਸੇ
ਓਸ ਕੁੜੀ ਦੇ ਢਾਰੇ।

ਵੇ ਸੁਰਖ਼ਾਬਾ
ਮੈਂਡਾ ਦੂਰ ਹੈ ਕਾਬਾ
ਮੈਨੂੰ ਦੇ ਦੇ ਖੰਭ ਉਧਾਰੇ
ਇਸ਼ਕ ਮੇਰੇ ਦਾ

ਲੰਮਾ ਪੈਂਡਾ
ਧੱਕੇ ਦੇਣ ਸਹਾਰੇ
ਥਾਂ-ਥਾਂ
ਕਿਸਮਤ
ਪਕੜ ਗੁਲੇਲਾਂ
ਗੀਟੇ ਪੱਥਰ ਮਾਰੇ
ਪਿਆਰ ਦੀ ਬਾਜ਼ੀ
ਖੇਡਦਿਆਂ
ਅਸੀਂ ਚੜ੍ਹੀ ਜਵਾਨੀ ਹਾਰੇ।

ਵੇ ਸੁਰਖ਼ਾਬਾ
ਮੈਂਡਾ ਦੂਰ ਹੈ ਕਾਬਾ
ਮੈਨੂੰ ਹਾੜਾ ਈ ਖੰਭ ਦਿਵਾ
ਇਸ ਧਰਤੀ ਦੇ
ਸਾਰੇ ਪੰਛੀ
ਜਾਣ ਉਡਾਰੀ ਲਾ
ਇਸ ਧਰਤੀ ਦੇ
ਦਾਣੇ-ਪਾਣੀ
ਹੋਰ ਨਾ ਹੁੰਦੇ ਖਾ
ਹੁਣ ਤਾਂ ਮੈਨੂੰ
ਡੋਬਣ ਲੱਗੇ
ਆਪਣੇ ਆਪ ਕਿਨਾਰੇ।

ਵੇ ਸੁਰਖ਼ਾਬਾ
ਮੈਂਡਾ ਦੂਰ ਹੈ ਕਾਬਾ
ਮੈਨੂੰ ਹਾੜਾ ਈ ਖੰਭ ਦਿਵਾ
ਮੌਤੋਂ ਪਹਿਲਾਂ

ਹਰ ਕੀੜੇ ਦੇ
ਜਾਂਦੇ ਨੇ ਖੰਭ ਆ
ਜੇ ਮੋਇਆਂ
ਖੰਭ ਉੱਗਦੇ
ਮੈਨੂੰ ਛੇਤੀ ਮਾਰ ਮੁਕਾ
ਹੱਡ-ਮਾਸ ਦੇ
ਪਿੰਜਰੇ 'ਚੋਂ
ਕੋਈ ਕਿੰਜ ਉਡਾਰੀ ਮਾਰੇ।

ਸੁਣ ਨੀਂ ਕੋਇਲੇ
ਜਿੰਦ ਗ਼ਮਾਂ ਦੇ ਸੋਹਲੇ
ਮੈਨੂੰ ਦੇ ਦੇ ਖੰਭ ਉਧਾਰੇ
ਸੁਣ ਨੀ ਤਿਤਲੀਏ
ਛੰਨੇ ਡੁੱਲ੍ਹ ਗਏ ਇਤਰ ਦੇ
ਮੈਨੂੰ ਦੇ ਦੇ ਖੰਭ ਉਧਾਰੇ
ਸੁਣ ਨੀਂ ਚਿੜੀਏ
ਦੋ ਖੰਭਾਂ ਤੋਂ ਥੁੜੀਏ
ਮੈਨੂੰ ਦੇ ਦੇ ਖੰਭ ਉਧਾਰੇ
ਕਲ ਤੜਕੇ ਨੂੰ
ਮਰ ਜਾਣਾ
ਅਸੀਂ ਦੋ ਖੰਭਾਂ ਦੇ ਮਾਰੇ।

ਵੇ ਸੁਰਖ਼ਾਬਾ
ਮੈਂਡਾ ਦੂਰ ਹੈ ਕਾਬਾ
ਮੈਨੂੰ ਦੇ ਦੇ ਖੰਭ ਉਧਾਰੇ
ਓਸ ਕੁੜੀ ਦੇ
ਪਿੰਡ ਦੇ ਰਾਹੀਂ
ਪੈਣ ਸਮੁੰਦਰ ਖਾਰੇ।

***

## ਅਮਰਵੇਲ

ਮਾਏ ਨੀ
ਇੱਕ ਅਮਰਵੇਲ
ਮੇਰੇ ਜੀਵਨ ਦੇ ਵਿੱਚ ਆਈ
ਮਿੱਟੀ-ਘੱਟਾ
ਉਹਨੂੰ ਚੰਗਾ ਨਾ ਲੱਗਦਾ
ਅਸੀਂ ਦਿਲ 'ਤੇ ਸੇਜ ਵਿਛਾਈ।

ਮਾਏ ਨੀ
ਇੱਕ ਅਮਰਵੇਲ
ਮੇਰੇ ਜੀਵਨ ਦੇ ਵਿੱਚ ਆਈ
ਅਮਲਤਾਸ
ਦੇ ਫੁੱਲਾਂ 'ਤੇ
ਜਿਵੇਂ ਹੱਟ ਤੁਲਸੀ ਨੇ ਲਾਈ
ਜੀਕੁਣ
ਕੁੱਲ ਆਲਮ ਦੇ ਕੰਡਿਆਂ
ਰਲ ਕੇ ਬੋਲੀ ਪਾਈ
ਹੱਸ-ਹੱਸ ਕੇ
ਉਹਨੇ ਕੱਢੀਆਂ ਲਗ਼ਰਾਂ
ਉਹ ਹੋ ਗਈ ਦੂਣ ਸਵਾਈ।

ਮਾਏ ਨੀ
ਇੱਕ ਅਮਰਵੇਲ
ਮੇਰੇ ਜੀਵਨ ਦੇ ਵਿੱਚ ਆਈ
ਇਕ ਦੋ
ਮਿੱਠੀਆਂ ਗੱਲਾਂ ਕਰਕੇ
ਉਹ ਨੇ ਐਸੀ ਖੇਡ ਰਚਾਈ
ਪੋਲੇ ਪੈਰੀਂ

ਮੇਰਾ ਤਨ-ਮਨ ਮੱਲਿਆ
ਮੈਨੂੰ ਰਤਾ ਸਮਝ ਨਾ ਆਈ
ਸਾਥ ਰਹਿਣ ਦਾ
ਵਾਅਦਾ ਕਰਕੇ
ਉਹਨੇ ਧਾਅ ਗਲਵੱਕੜੀ ਪਾਈ।

ਮਾਏ ਨੀ
ਇੱਕ ਅਮਰਵੇਲ
ਮੇਰੇ ਜੀਵਨ ਦੇ ਵਿੱਚ ਆਈ
ਸਾਥ ਛੁੜਾ
ਮੈਨੂੰ ਖਾ ਕੇ ਨੱਸੀ
ਜਦੋਂ ਰੁੱਤ ਪੱਤਝੜ ਦੀ ਆਈ
ਚੁੱਪ ਕਰਕੇ
ਪਰਦੇਸੀਂ ਤੁਰ ਗਈ
ਮੈਂ ਪਾਉਂਦਾ ਰਿਹਾ ਦੁਹਾਈ
ਹੌਲੀ-ਹੌਲੀ
ਮੇਰੇ ਪੱਤੇ ਸੁੱਕੇ
ਸਭ ਸ਼ਾਖ ਗਏ ਕੁਮਲਾਈ
ਰੋਂਦਾ ਰਿਹਾ
ਮੇਰੇ ਤਨ ਦੀ ਲੱਕੜ
ਉਹਨੇ ਮੁੜ ਪਿੰਡੇ ਨਾ ਲਾਈ।

ਮਾਏ ਨੀ
ਇੱਕ ਅਮਰਵੇਲ
ਮੇਰੇ ਜੀਵਨ ਦੇ ਵਿੱਚ ਆਈ
ਨਿੱਤ ਸੋਚਾਂ ਦੀਆਂ
ਤੜਪਣ ਮੱਛੀਆਂ

ਉਹਨੇ ਵਿਉ ਪਾਣੀ ਵਿੱਚ ਪਾਈ
ਨਿੱਤ ਸਾਹਾਂ ਦੇ
ਉੱਡਣ ਵਰੋਲੇ
ਭਟਕਣ ਮਰੇ ਨਾ ਕਾਈ
ਆਪਣੇ
ਪੈਰੀਂ ਮਾਰਨ ਲਈ
ਮੈਂ ਆਪ ਕੁਹਾੜੀ ਚਾਈ
ਵੇ ਮਲ੍ਹਿਆ
ਤੇਰੀ ਧੁਰ ਦਰਗਾਹੋਂ
ਏਹੀ ਕਿਸਮਤ ਆਈ।

ਮਾਏ ਨੀ
ਇੱਕ ਅਮਰਵੇਲ
ਮੇਰੇ ਜੀਵਨ ਦੇ ਵਿੱਚ ਆਈ
ਮਿੱਟੀ-ਘੱਟਾ
ਉਹਨੂੰ ਚੰਗਾ ਨਾ ਲੱਗਦਾ
ਅਸੀਂ ਦਿਲ 'ਤੇ ਸੇਜ ਵਿਛਾਈ।

***

## ਸੱਜਣ ਜੀ

ਸੱਜਣ ਜੀ
ਕੰਡਿਆਂ ਦੀ ਝੋਲੀ
ਕੌਣ ਸੁਗੰਧੀਆਂ ਪਾਏ
ਬੇਸ਼ੱਕ
ਫੁੱਲ 'ਤੇ ਕੰਡੇ ਹੁੰਦੇ
ਇੱਕੋ ਮਾਂ ਦੇ ਜਾਏ।

ਸੱਜਣ ਜੀ
ਉਂਜ ਸਾਰਾ ਆਲਮ
ਪੱਤਿਆਂ ਵਾਂਕਣ ਜੀਂਦਾ
ਪੱਤਿਆਂ ਵਾਂਕਣ
ਉਮਰਾਂ ਭੋਗੇ
ਪੱਤਿਆਂ ਵਾਂਗ ਝੜੀਂਦਾ
ਜੇ ਕੋਈ ਪੱਤਾ
ਇਸ਼ਕ ਕਮਾਵੇ
ਬਣ ਕੇ ਫੁੱਲ ਖਿੜੀਂਦਾ
ਪਰ ਜੇ ਇਸ਼ਕ
ਨਿਭਾਗਾ ਹੋਵੇ
ਕੰਡਿਆਂ ਅੰਦਰ ਥੀਂਦਾ
ਨਿੱਤ ਫੁੱਲਾਂ ਦੇ
ਦਰ 'ਤੇ ਬੈਠਾ
ਕਰਮਾਂ ਦਾ ਅਧਰੰਗ ਹੰਢਾਏ।

ਸੱਜਣ ਜੀ
ਤੁਸੀਂ ਚੰਗਾ ਕੀਤਾ
ਕੰਡਿਆਂ ਕੋਲ ਨਾ ਆਏ
ਕਿਉਂ ਕੋਈ ਤਿਤਲੀ
ਮਹਿਕਾਂ ਬਾਝੋਂ
ਆਪਣੇ ਖੰਭ ਹਿਲਾਏ
ਹਰ ਤਿਤਲੀ ਦਾ
ਸੁਪਨਾ ਹੁੰਦਾ
ਫੁੱਲ ਦੀ ਮਹਿਕ ਹੰਢਾਏ
ਕਦ ਕੋਈ ਤਿਤਲੀ
ਫੁੱਲ ਨੂੰ ਛੱਡ ਕੇ
ਕੰਡਿਆਂ ਨੂੰ ਪਰਨਾਏ।

ਸੱਜਣ ਜੀ
ਕੰਡਿਆਂ ਦੇ ਵਿਹੜੇ
ਕੌਣ ਲੋਰੀਆਂ ਗਾਏ
ਨਾ ਕੰਡਿਆਂ 'ਤੇ
ਚੜ੍ਹੇ ਜਵਾਨੀ
ਨਾ ਕੰਡਾ ਕੁਮਲਾਏ
ਸਭ ਦੇ ਨੈਣੀਂ
ਪਤਝੜ ਹੋਵੇ
ਜਦ ਕੋਈ ਕੰਡਾ ਗਾਏ

ਰੱਬ ਕਰਕੇ
ਮੈਨੂੰ ਯਾਦ ਤੁਹਾਡੀ
ਕੰਡਿਆਂ ਵਾਂਗ ਬਣਾਏ
ਜਿਹੜੇ ਰੁੱਖ ’ਤੇ
ਕੰਡੇ ਉੱਗਣ
ਉਹ ਸੁਰਗਾਂ ਨੂੰ ਜਾਏ।

ਸੱਜਣ ਦੀ
ਕੰਡਿਆਂ ਦੀ ਝੋਲੀ
ਕੌਣ ਸੁਗੰਧੀਆਂ ਪਾਏ
ਬੇਸ਼ੱਕ
ਫੁੱਲ ’ਤੇ ਕੰਡੇ ਹੁੰਦੇ
ਇੱਕੋ ਮਾਂ ਦੇ ਜਾਏ।

***

## ਪੂਜਾ

ਪੱਥਰਾ ਵੇ
ਗੋਰੇ ਰੰਗ ਦਿਆ ਪੱਥਰਾ
ਅਸੀਂ ਤੈਨੂੰ ਪੂਜਣ ਆਏ
ਨਾਂ ਬਦਲੇ
ਮੇਰੇ ਮਨ ਦਾ ਕਾਬਾ
ਸਾਰੀ ਉਮਰ ਮੇਰੀ ਲੰਘ ਜਾਏ।

ਪੱਥਰਾ ਵੇ
ਗੋਰੇ ਰੰਗ ਦਿਆ ਪੱਥਰਾ
ਅਸੀਂ ਤੈਨੂੰ ਪੂਜਣ ਆਏ
ਤੁਰਦਾ ਜਿਉਂ ਕੋਈ
ਅੱਧੀ-ਰਾਤੀਂ
ਜੁਗਨੂੰ ਪੌਣ ਹਿਲਾਏ
ਜ਼ੁਲਫਾਂ ਜਿਉਂ
ਤਿੱਲੇ ਦੀਆਂ ਤਾਰਾਂ
ਕਿਰਨਾਂ ਗੁੰਦੀਆਂ ਹਾਏ
ਹੋਂਠ ਜੀਹਦੇ ਕੋਈ
ਗਿੱਦੜਸਿੰਗੀ
ਦਿਨ ਦੀ ਲਾਲੀ ਖਾਏ
ਬਦਨ ਜਿਵੇਂ ਕੋਈ
ਸੁੱਚਾ ਮਰਮਰ
ਸੁਰਗੋਂ ਧਰਤ ਲਿਆਏ।

ਪੱਥਰਾ ਵੇ
ਗੋਰੇ ਰੰਗ ਦਿਆ ਪੱਥਰਾ
ਅਸੀਂ ਤੈਨੂੰ ਪੂਜਣ ਆਏ
ਤੇਰੇ ਬਿਨਾਂ

ਤਨ ਡਰਨਾ ਬਣਿਆ
ਸ਼ੀਸ਼ਾ ਰੋਜ਼ ਡਰਾਏ
ਖਿੜਿਆ ਇਸ਼ਕ
ਕਪਾਹ ਦਾ ਹਾਸਾ
ਬਾਲਣ ਬਣਦਾ ਜਾਏ

ਪੱਥਰਾ ਵੇ
ਗੋਰੇ ਰੰਗ ਦਿਆ ਪੱਥਰਾ
ਅਸੀਂ ਤੈਨੂੰ ਪੂਜਣ ਆਏ
ਜਿਉਂ ਕੋਈ ਭੌਰਾ
ਫੁੱਲਾਂ ਖਾਤਰ
ਜੰਮੇ ਤੇ ਮਰ ਜਾਏ
ਸਾਰਾ ਜੀਵਨ
ਮਹਿਕਾਂ ਲੱਭਦਾ
ਹੇਕ ਪਿਆਰ ਦੀ ਲਾਏ
ਮੌਤੋਂ ਮਗਰੋਂ
ਫੁੱਲ ਤੇ ਜੀਹਦੀ
ਚੰਨ ਪਿਆ ਕਬਰ ਬਣਾਏ।

ਪੱਥਰਾ ਵੇ
ਗੋਰੇ ਰੰਗ ਦਿਆ ਪੱਥਰਾ
ਅਸੀਂ ਤੈਨੂੰ ਪੂਜਣ ਆਏ
ਲੱਖ ਪਿੱਪਲਾਂ ਲੜ
ਲੀਰਾਂ ਬੰਨ੍ਹੀਆਂ
ਲੱਖਾਂ ਜੰਡ ਮਨਾਏ
ਪਰ ਨਾ ਕੋਈ
ਖਾਰੇ ਸਾਗਰ

ਦੋ ਬੁੱਕ ਸ਼ੱਕਰ ਪਾਏ
ਰੋਜ਼ ਮੇਰੇ
ਲੇਖਾਂ ਦਾ ਸੂਰਜ
ਬੁਰਕਾ ਪਾ ਲੰਘ ਜਾਏ

ਪੱਥਰਾ ਵੇ
ਗੋਰੇ ਰੰਗ ਦਿਆ ਪੱਥਰਾ
ਅਸੀਂ ਤੈਨੂੰ ਪੂਜਣ ਆਏ
ਨਾਂ ਬਦਲੇ
ਮੇਰੇ ਮਨ ਦਾ ਕਾਬਾ
ਸਾਰੀ ਉਮਰ ਮੇਰੀ ਲੰਘ ਜਾਏ।।

***

## ਅੱਕ ਦੇ ਫੁੱਲ

ਜ਼ਿੰਦਗੀ ਭਰਿਆ ਸਮੁੰਦਰ ਸ਼ਹਿਦ ਦਾ
ਡੰਗ ਨਾ ਮਾਰਨ ਜੇ ਯਾਦਾਂ ਤੇਰੀਆਂ।

ਫੇਰ ਕੀ ਬੰਦੇ ਦੇ ਲੇਖੀਂ ਭਟਕਣਾ
ਹੁੰਦੀਆਂ ਰੁੱਖਾਂ ਦੇ ਪੈਰੀਂ ਬੇੜੀਆਂ।

ਅਸੀਂ ਸਾਂਭਦੇ ਰਹੇ ਪਿਆਰ 'ਚ ਪਰਾਲੀ ਦੀਆਂ ਪੰਡਾਂ
ਵੇ ਤੂੰ ਜਾਂਦਾ ਹੋਇਆ ਦਾਣਿਆਂ ਨੂੰ ਅੱਗ ਲਾ ਗਿਆ।

ਮੈਂ ਤੇਰੇ ਇਨਕਾਰ ਦੇ ਦੋ ਬੋਲ ਜਦ ਕੰਨੀ ਸੁਣੇ
ਲਫਜ਼ ਕੋਈ ਟੁੱਟਿਆ ਤੇ ਕਿਰਕ ਸਾਹੀਂ ਪੈ ਗਈ।

ਜ਼ਿੰਦਗੀ ਜੋ ਰਹਿਣ ਖਾਤਰ ਆਲ੍ਹਣੇਂ ਸੀ ਟੋਲਦੀ
ਫੇਰ ਮੈਨੂੰ ਡੂੰਘੀਆਂ ਖੁੱਡਾਂ ਦੇ ਅੰਦਰ ਲੈ ਗਈ।

ਜਿੰਦੇ ਤੜਪ-ਪਿਆਸ ਏਥੇ ਕੌਣ ਦੇਖਦਾ
ਕਦੋਂ ਮਾਰੂਥਲੀਂ ਬੱਦਲ ਨੇ ਮੀਂਹ ਪਾਂਵਦੇ।

ਇਸ ਧਰਤੀ ਦੇ ਲੋਕ ਪਹਿਲਾਂ ਪਾਲਦੇ ਨੇ ਰੁੱਖ
ਪਿੱਛੋਂ ਇੱਕ-ਇੱਕ ਪੱਤਾ ਤੋੜ ਕੇ ਨੇ ਖਾਂਵਦੇ।

ਨੀਂ ਜਿੰਦੇ ਉਹ ਲੋਕ ਕਦੇ ਨਾ ਮਰਦੇ
ਮੌਤੋਂ ਪਹਿਲਾਂ ਇਸ਼ਕ ਜਿਨ੍ਹਾਂ ਨੂੰ ਮਾਰੇ।

ਬੇਸ਼ੱਕ ਵਗਦੀਆਂ ਪੌਣਾਂ ਅੰਦਰ ਬੁਝ ਜਾਂਦੇ ਨੇ ਦੀਵੇ
ਹੋਰ ਤੇਜ਼ ਹੋ ਕੇ ਬਲਦੇ ਨੇ ਐਪਰ ਸੁਰਖ ਅੰਗਾਰੇ।

ਮੈਨੂੰ ਸ਼ੋਹਰਤ ਦੇ ਨਿੱਘੇ ਲੀੜਿਆਂ ਦੀ ਲੋੜ ਨਾ ਕੋਈ
ਮੈਂ ਸੱਪ ਹਾਂ ਹਰ ਛਿਮਾਹੀ ਕੁੰਜ ਲਾਹੁੰਦਾ ਹਾਂ।।

ਤੇਰੇ ਬਾਝੋਂ ਚੰਗੀ ਲੱਗਦੀ ਹੈ ਆਪਣੀ ਬਰਬਾਦੀ
ਜਿਉਂ ਕਈ ਵਾਰੀ ਸੋਹਣੇ ਲੱਗਦੇ ਅੰਬਰੋਂ ਟੁੱਟਦੇ ਤਾਰੇ।

ਨੀ ਜਿੰਦੇ ਚੱਲ ਦਾਨ ਉਮਰ ਦਾ ਕਰੀਏ
ਜੇ ਕੋਈ ਪੰਛੀ ਪਾਪ ਕਰੇ ਤਾਂ ਆਦਮ ਜੂਨ ਹੰਢਾਏ।

ਬੱਸ ਕਰ ਨੀ ਹੁਣ ਹੋਰ ਨਾ ਦੇਖੀਂ ਸੁਪਨੇ
ਹਰ ਤਿਤਲੀ ਲਈ ਅੱਕ ਦੇ ਫੁੱਲ ਪਰਾਏ।

***

## ਬੁੱਤ

ਮਾਏ ਨੀ
ਮੈਨੂੰ ਓਸ ਕੁੜੀ ਦਾ
ਬੁੱਤ ਬਣਵਾ ਦੇ
ਚੰਨ ਦੀ ਮਿੱਟੀ
ਚੰਦਨ ਦੀ ਖ਼ੁਸ਼ਬੋ
ਚਾਨਣ ਦਾ ਰੰਗ ਕਰਾ ਦੇ।

ਮੈਂ ਇਸ ਬੁੱਤ ਸੰਗ
ਜੀਣਾ ਚਾਹੁੰਨਾਂ
ਮੈਂ ਇਸ ਬੁੱਤ ਸੰਗ
ਮਰਨਾ ਚਾਹੁੰਨਾਂ
ਇਹ ਬੁੱਤ ਹਾਸਲ
ਕਰਨਾ ਚਾਹੁੰਨਾਂ
ਬੇਸ਼ੱਕ
ਮੇਰਾ ਹਰ ਸਾਹ
ਮੰਡੀ ਵਿੱਚ ਵਿਕਾ ਦੇ।

ਮੈਂ ਇਸ ਬੁੱਤ ਸੰਗ
ਗੁੰਮਣਾ ਚਾਹੁੰਨਾਂ
ਚੰਦਰੀ ਦੁਨੀਆ
ਭੁੱਲਣਾ ਚਾਹੁੰਨਾਂ
ਮੈਂ ਇਸ ਬੁੱਤ ਨੂੰ
ਚੁੰਮਣਾ ਚਾਹੁੰਨਾਂ
ਹਾੜ੍ਹਾ ਨੀ
ਮੇਰੇ ਹੋਠਾਂ ਉੱਤੇ
ਅੱਗ ਮਚਾ ਦੇ।

ਮੈਂ ਇਸ ਬੁੱਤ ਸੰਗ
ਹੱਸਣਾ ਚਾਹੁੰਨਾਂ
ਮੈਂ ਇਸ ਬੁੱਤ ਸੰਗ
ਰੋਣਾ ਚਾਹੁੰਨਾਂ
ਮੈਂ ਇਹ ਬੁੱਤ
ਲਕੋਣਾ ਚਾਹੁੰਨਾਂ
ਮੈਂ ਤੇ ਮੇਰਾ
ਸੁਪਨਾ
ਮਿੱਟੀ ਵਿੱਚ ਦਬਾ ਦੇ।

ਮੈਂ ਇਸ ਬੁੱਤ ਨੂੰ
ਪੁੱਛਣਾ ਚਾਹੁੰਨਾਂ
ਮੈਂ ਇਸ ਬੁੱਤ ਨਾਲ
ਰੁੱਸਣਾ ਚਾਹੁੰਨਾਂ
ਮੈਂ ਇਸ ਬੁੱਤ ਨੂੰ
ਦੱਸਣਾ ਚਾਹੁੰਨਾਂ
ਅੰਤਿਮ ਵਾਰੀ
ਹੱਸਣਾ ਚਾਹੁੰਨਾਂ
ਮੇਰੇ ਲੇਖੀਂ ਵੀ
ਕਿੱਕਰ ਦੀ
ਸੂਲ ਚੁਭਾ ਦੇ।

ਮੈਂ ਇਸ ਬੁੱਤ ਸੰਗ
ਉੱਡਣਾ ਚਾਹੁੰਨਾਂ
ਮੈਂ ਇਸ ਬੁੱਤ ਸੰਗ
ਡੁੱਬਣਾ ਚਾਹੁੰਨਾਂ
ਗਮ ਦੀ ਦਲਦਲ

ਖੁੱਭਣਾ ਚਾਹੁੰਨਾਂ
ਮੇਰੇ ਹੱਥੀਂ ਵੀ
ਲੱਕੜ ਦਾ
ਹੱਥ ਫੜਾ ਦੇ।

ਮੈਂ ਇਸ ਬੁੱਤ ਬਿਨ
ਸੜ ਜਾਵਾਂਗਾ
ਮੈਂ ਇਸ ਬੁੱਤ ਬਿਨ
ਠਰ ਜਾਵਾਂਗਾ
ਮੈਂ ਇਸ ਬੁੱਤ ਬਿਨ
ਮਰ ਜਾਵਾਂਗਾ
ਦੇਖੀਂ ਨੀ
ਮੈਨੂੰ ਇੱਕ ਸਾਹ
ਪਾਣੀ ਨਾਲ ਖੁਆ ਦੇ।

ਮਾਏ ਨੀ
ਮੈਨੂੰ ਓਸ ਕੁੜੀ ਦਾ
ਬੁੱਤ ਬਣਵਾ ਦੇ
ਚੰਨ ਦੀ ਮਿੱਟੀ
ਚੰਦਨ ਦੀ ਖ਼ੁਸ਼ਬੋ
ਚਾਨਣ ਦਾ ਰੰਗ ਕਰਾ ਦੇ।

***

## ਪਰਮਾਤਮਾ

ਮੇਰੀ ਛੇਵੀਂ ਇੰਦਰੀ
ਮੇਰੀ ਕਲਪਨਾ ਸ਼ਕਤੀ
ਅਕਸਰ ਮੈਨੂੰ ਦੱਸਦੀ ਹੈ
ਪਰਮਾਤਮਾ ਕਿਸੇ ਗੈਬੀ ਤਾਕਤ
ਜਾਂ ਜਾਦੂਈ ਕਰਿਸ਼ਮੇ
ਦਾ ਨਾਮ ਨਹੀਂ
ਪਰਮਾਤਮਾ ਸਮੁੱਚੇ ਬ੍ਰਹਿਮੰਡ ਦਾ
ਸਮਾਨ-ਅੰਤਰ ਸ਼ਬਦ ਹੈ
ਸ੍ਰਿਸ਼ਟੀ ਦੀ ਸਾਰੀ ਵਾਰਤਕ ਦਾ
ਕਾਵਿਕ-ਰੁਪਾਂਤਰ ਹੈ
ਸਮੁੱਚੀ ਕੁਦਰਤ ਦੀ
ਰੰਗਦਾਰ ਤਸਵੀਰ ਹੈ
ਅਤੇ ਅਸੀਮ ਤਾਕਤ ਦਾ ਸਵਾਮੀ ਹੈ
ਜਿਸ ਦੇ ਹਰ ਛੋਟੇ ਤੋਂ ਛੋਟੇ ਅਣੂ ਵਿੱਚ
ਧਰਤੀ ਸੂਰਜ ਦੁਆਲੇ ਘੁੰਮਦੀ ਹੈ

ਮੇਰੀ ਛੇਵੀਂ
ਇੰਦਰੀ
ਮੇਰੀ ਕਲਪਨਾ ਸ਼ਕਤੀ
ਅਕਸਰ ਮੈਨੂੰ ਦੱਸਦੀ ਹੈ
ਇਸ ਧਰਤੀ ਵਰਗੀਆਂ
ਅਣਗਿਣਤ ਧਰਤੀਆਂ ’ਤੇ ਜੀਵਨ ਹੈ
ਅਸੰਖ ਸੂਰਜ ਹਰ ਰੋਜ਼ ਉੱਗਦੇ ਹਨ
ਅਤੇ ਜੀਵਨ ਕੇਵਲ
ਜਾਨਵਰਾਂ, ਬੰਦਿਆਂ ਅਤੇ ਦਰੱਖਤਾਂ ਵਿੱਚ ਨਹੀਂ ਹੁੰਦਾ
ਭਾਫ ਤੋਂ ਬਰਫ ਬਣਨ ਤੱਕ
ਪਾਣੀ ਵੀ ਕਈ ਜੂਨਾਂ ਭੋਗਦਾ ਹੈ

ਮੇਰੀ ਛੇਵੀਂ ਇੰਦਰੀ
ਮੇਰੀ ਕਲਪਨਾ-ਸ਼ਕਤੀ
ਅਕਸਰ ਮੈਨੂੰ ਦੱਸਦੀ ਹੈ
ਸਮੁੱਚਾ ਬ੍ਰਹਿਮੰਡ ਸਿਰਫ ਤਿੰਨ ਤੱਤਾਂ
ਮਿੱਟੀ, ਅਗਨੀ ਆਕਾਸ਼ ਤੋਂ ਬਣਿਆ ਹੈ
ਪਾਣੀ ਅਤੇ ਹਵਾ
ਮਿੱਟੀ ਦਾ ਹੀ ਪਤਲਾ ਰੂਪ ਹਨ
ਅਤੇ ਆਦਮ ਅਤੇ ਹਵਾ
ਕਿਸੇ ਆਦਮੀ ਜਾਂ ਇਸਤਰੀ ਦੇ ਨਾਮ ਨਹੀਂ
ਸਗੋਂ ਮਿੱਟੀ ਅਤੇ ਅਗਨੀ ਦੀ
ਇੱਕ ਦੁੱਖ-ਭਰੀ ਕਹਾਣੀ ਹੈ
ਜੋ ਆਪਣੀਆਂ ਕਾਮਕ ਇੱਛਾਵਾਂ ਕਾਰਨ
ਸੂਰਜ ਰੂਪੀ ਸਵਰਗ ਤੋਂ ਅਲੱਗ ਹੋਏ ਸਨ
ਹੁਣ ਮੁੜ ਸੂਰਜ ਬਣਨਾ ਲੋਚਦੇ ਹਨ

ਮੇਰੀ ਛੇਵੀਂ ਇੰਦਰੀ
ਮੇਰੀ ਕਲਪਨਾ ਸ਼ਕਤੀ
ਅਕਸਰ ਮੈਨੂੰ ਦੱਸਦੀ ਹੈ
ਇੱਕ ਬਹੁਤ ਵੱਡਾ ਭੁਲੇਖਾ ਹੈ
ਪਰਮਾਤਮਾ, ਦਿੱਸਦਾ, ਮਿਲਦਾ ਅਤੇ ਲੱਭਦਾ ਨਹੀਂ
ਪਰ ਅਸਲੀਅਤ ਬਿਲਕੁੱਲ ਉਲਟ ਹੈ
ਪਰਮਾਤਮਾ ਹਰ ਸਾਹ ਵਿੱਚ
ਸਾਡੇ ਅੰਦਰ ਜਾਂਦਾ ਹੈ
ਅਤੇ ਦੁੱਖ-ਦਰਦ ਲੈ ਕੇ
ਬਾਹਰ ਨਿਕਲਦਾ ਹੈ
ਜੇਕਰ ਇੱਕ ਪਲ ਲਈ
ਪਰਮਾਤਮਾ ਅੰਦਰ ਨਾ ਜਾਵੇ

ਤਾਂ ਜੂਨੀਆਂ ਬਦਲ ਜਾਂਦੀਆਂ ਹਨ
ਅਤੇ ਜੂਨਾਂ ਚੁਰਾਸੀ ਲੱਖ ਨਹੀ
ਅਸੰਖ ਹੁੰਦੀਆਂ ਹਨ
ਜਾਂ ਸਿਰਫ ਤਿੰਨ ਹੁੰਦੀਆਂ ਹਨ

ਮੇਰੀ ਛੇਵੀਂ ਇੰਦਰੀ
ਮੇਰੀ ਕਲਪਨਾ ਸ਼ਕਤੀ
ਅਕਸਰ ਮੈਨੂੰ ਦੱਸਦੀ ਹੈ
ਇੱਕ ਬਹੁਤ ਗਲਤ ਸੋਚ ਹੈ
ਕਿ ਪੱਥਰ ਪੂਜਣ ਨਾਲ
ਪਰਮਾਤਮਾ ਨਹੀਂ ਮਿਲਦਾ
ਸਾਹਮਣੇ ਪਈ ਕਿਸੇ ਵੀ ਚੀਜ਼ ਨੂੰ
ਪਰਮਾਤਮਾ ਮੰਨ ਲੈਣਾ
ਪਰਮਾਤਮਾ ਵੱਲ ਜਾਣ ਦਾ ਪਹਿਲਾ ਕਦਮ ਹੈ।

***

## ਲੋਰੀ

ਮਾਏ ਨੀ
ਇਕ ਲੋਰੀ ਦੇ ਜਾ
ਮੁੜ ਲੱਗ ਜਾਵੀਂ ਕੰਮੀਂ
ਮੈਂ ਚਾਹੁੰਨਾਂ
ਮੈਨੂੰ ਨੀਂਦਰ ਆਵੇ
ਉਮਰਾਂ ਨਾਲੋਂ ਲੰਮੀ।

ਮਾਏ ਨੀ
ਇੱਕ ਲੋਰੀ ਦੇ ਜਾ
ਦਿਲ ਦੀ ਭੁੱਬਲ ਸੜਦੀ
ਰੋਜ਼ ਮੈਂ ਉੱਜੜੇ
ਰਾਹਾਂ ਅੰਦਰ
ਕਾਹੀ ਬਣ-ਬਣ ਖੜਦੀ
ਜਦ ਝਾੜਾਂ
ਮੇਰੇ ਪਿੰਡੇ ਉੱਤੋਂ
ਸੌ ਮਣ ਭਟਕਣ ਝੜਦੀ
ਮਰ ਗਈ
ਇਸ਼ਕ-ਪ੍ਰੇਤ ਦੀਆਂ
ਮੈਂ ਪੁੱਠੀਆਂ ਪੈੜਾਂ ਫੜਦੀ
ਸੌ ਦਰਦਾਂ ਦੀ
ਮਾਰੀ ਨੀਂ ਮੈਂ
ਸੌ ਪੀੜਾਂ ਦੀ ਭੰਨੀ।

ਮਾਏ ਨੀ
ਇੱਕ ਲੋਰੀ ਦੇ ਜਾ
ਦੁੱਖਦੇ ਨੈਣ ਉਨੀਂਦੇ

ਪੀਠ ਲਏ ਮੈਂ
ਦੰਦਾਂ ਹੇਠਾਂ
ਜਿੰਨੇ ਦਰਦ ਸੁਣੀਂਦੇ
ਐਸੀ ਹਾਲਤ
ਹੋ ਗਈ ਮੇਰੀ
ਜਿੱਦਾਂ ਖੂਹੀਂ ਰੁੱਖ ਉਗੀਂਦੇ
ਆਪਣੇ ਕੋਲੋਂ
ਪੁੱਛਣਾ ਪੈਂਦਾ
ਮੋਏ ਹਾਂ ਕਿ ਜੀਂਦੇ
ਕਿਸਮਤ ਦੀ
ਕੋਈ ਐਸੀ ਕਾਲਖ
ਤਲੀਆਂ ਉੱਤੇ ਜੰਮੀ।

ਮਾਏ ਨੀ
ਇੱਕ ਲੋਰੀ ਦੇ ਜਾ
ਚੀਸ ਕਲੇਜੇ ਪੈਂਦੀ
ਦਲਦਲ ਵਿੱਚ
ਮੈਨੂੰ ਲੈ ਡੁੱਬੀ ਹੈ
ਇਸ਼ਕ ਮੇਰੇ ਦੀ ਵਹਿੰਗੀ
ਜਿਉਂ ਕਈ ਵਾਰੀ
ਟੂਣਾ ਕਰ ਜਾਏ
ਹੱਥੀਂ ਲਾਈ ਮਹਿੰਦੀ
ਮਾਏ ਨੀ ਮੈਥੋਂ
ਇਸ ਧਰਤੀ ਦੀ
ਕੁੱਲ ਚੀਜ਼ ਹੈ ਮਹਿੰਗੀ
ਮਰ ਚੁੱਕਾ

ਮੇਰੇ ਦਿਲ ਦਾ ਚਾਨਣ
ਨੀ ਮੈਂ ਰਾਤਾਂ ਵਾਂਕਣ ਅੰਨ੍ਹੀ।

ਮਾਏ ਨੀ
ਇੱਕ ਲੋਰੀ ਦੇ ਜਾ
ਮੁੜ ਲੱਗ ਜਾਵੀਂ ਕੰਮੀਂ
ਮੈਂ ਚਾਹੁੰਨਾਂ
ਮੈਨੂੰ ਨੀਂਦਰ ਆਵੇ
ਉਮਰਾਂ ਨਾਲੋਂ ਲੰਮੀ।

***

## ਪਹਿਰ

ਇੱਕ ਧੂੰਏ ਦੀ ਲਹਿਰ ਚੰਨਾ ਵੇ
ਕਿੰਝ ਧੁਖਾਵਾਂ ਪਹਿਰ
ਚੰਨਾ ਵੇ
ਰਾਤੀਂ ਅੱਕਾਂ ਦੇ ਬੂਟੇ ’ਤੇ
ਮੋਈ ਸਿਖਰ ਦੁਪਹਿਰ
ਚੰਨਾ ਵੇ।

ਜੇ ਮੈਂ ਕਿਰਨਾਂ ਨੂੰ ਅੱਗ ਲਾਵਾਂ
ਹੈ ਪ੍ਰਭ ਜੀ! ਸੜ ਜਾਣ ਹਵਾਵਾਂ
ਮੱਚਣ ਲੱਗੇ ਸ਼ਹਿਰ
ਚੰਨਾ ਵੇ।

ਪੈੜੀਂ-ਪੈੜੀਂ ਖ਼ਾਬ ਸਰਾਪੇ
ਕੋਟ ਜਨਮ ਤੋਂ ਤਰਸੇ ਹਾਸੇ
ਸੌ ਜਨਮਾਂ ਤੋਂ ਗਹਿਰ
ਚੰਨਾ ਵੇ।

ਮਹਿਕਾਂ ਜਦ ਪਰਛਾਵੇਂ ਟੱਪੇ
ਫੁੱਲਾਂ ਰਾਤੀਂ ਮਾਰ ਛੜੱਪੇ
ਕੱਤੀ ਲੂਣੀ ਜ਼ਹਿਰ
ਚੰਨਾ ਵੇ।

ਮੇਰੇ ਨੈਣਾਂ ਵਿੱਚ ਉਦਾਸੀ
ਜੀਕਣ ਰਾਤ ਪਏ ਤੋਂ ਡਾਚੀ
ਨੂੰ ਪਲਕਾਂ ਦੀ ਠਹਿਰ
ਚੰਨਾ ਵੇ।

ਇੱਕ ਧੂੰਏ ਦੀ ਲਹਿਰ
ਚੰਨਾ ਵੇ
ਕਿੰਜ ਧੁਖਾਵਾਂ ਪਹਿਰ
ਚੰਨਾ ਵੇ
ਰਾਤੀਂ ਅੱਕਾਂ ਦੇ ਬੂਟੇ ਤੇ
ਮੋਈ ਸਿਖਰ ਦੁਪਹਿਰ
ਚੰਨਾ ਵੇ।

***

## ਸੱਸੀ

ਰੋਜ਼ ਸੱਸੀ
ਤਾਰਿਆਂ ਨੂੰ ਚੋਗ ਪਾਵੇ
ਰੋਜ਼ ਪੁੰਨੂ
ਰੇਤਿਆਂ ਵਿੱਚ ਗੁੰਮ ਜਾਵੇ।

ਰੋਜ਼ ਸੱਸੀ
ਚਾਨਣਾਂ ਨੂੰ ਵਾਜ ਮਾਰੇ
ਰੋਜ਼ 'ਨ੍ਹੇਰਾ
ਭੋਰਦਾ ਸਾਹ ਦੇ ਕਿਨਾਰੇ
ਰੋਜ਼ ਰਾਤੀਂ
ਨੱਪਦੀ ਇਸ਼ਕੇ ਦੀ ਪੀੜ
ਰੋਜ਼ ਤੜਕੇ
ਉੱਠ ਕੇ ਮਿੱਟੀ ਖਿਲਾਰੇ
ਰੋਜ਼ ਢਕਦੀ ਧੁੱਪ ਨੂੰ
ਚੁੰਨੀ ਦੇ ਨਾਲ
ਰੋਜ਼ ਛਾਵੇਂ ਬੈਠ ਕੇ
ਕਿਸਮਤ ਨਿਤਾਰੇ
ਰੋਜ਼ ਬਾਗੋਂ ਪੁੱਟਦੀ
ਸੂਹੇ ਗੁਲਾਬ
ਰੋਜ਼ ਇਕ
ਸਿਵਿਆਂ ਦੇ ਅੰਦਰ ਫੁੱਲ ਲਾਵੇ।

ਰੋਜ਼ ਸੱਸੀ ਲੱਭਦੀ
ਦਿਲ ਦੇ ਮਲਾਹ
ਪਾਰ ਜੇ ਹੋ ਜਾਵੇ
ਰੇਤੇ ਦਾ ਤਲਾਅ
ਹਰ ਦਿਸ਼ਾ ਨੂੰ ਜਾਪਦਾ

ਪੁੰਨੂ ਦਾ ਰਾਹ
ਕਿਸੇ ਦਿਸ਼ਾ ਨਾ ਪਹੁੰਚਦੀ
ਸੱਸੀ ਦੀ ਆਹ
ਹਰ ਦਿਸ਼ਾ ਵੱਲ ਹੀ
ਡਾਚੀ ਦੀ ਪੈੜ ਜਾਵੇ।

ਰੋਜ਼ ਸੱਸੀ
ਕਾਲੀਆਂ ਜ਼ੁਲਫਾਂ ਖਿਲਾਰ
ਦੇਰ ਤੀਕਣ ਦੇਖਦੀ
ਦਿਲ ਦੇ ਲੰਗਾਰ
ਸੋਚਦੀ ਹੈ
ਜ਼ਿੰਦਗੀ ਦੀ ਰੇਤ ’ਤੇ
ਤਾਰਿਆਂ ਨੂੰ
ਕਿੰਝ ਹੋ ਸਕਦਾ ਹੈ ਪਿਆਰ
ਉਮਰ ਭਰ
ਮਿਟਦੀ ਨਹੀਂ ਦੂਰੀ ਕਿਤੇ
ਮੌਤ ਮਗਰੋਂ
ਵੀ ਨਹੀਂ ਮਿਲਦਾ ਕਰਾਰ
ਹਾਏ ਏਹ
ਕੇਹੋ ਜਹੀ ਹੈ ਜ਼ਿੰਦਗੀ
ਇੱਕ ਝਉਲਾ
ਮੋੜ ਦਿੰਦਾ ਹੈ ਮੁਹਾਰ
ਦੋ ਕੁ ਪਲ ਵਿੱਚ
ਜ਼ਿੰਦਗੀ ਦੇ ਰਾਤ ਦਿਨ
ਚੁੰਮਦੇ ਪੀੜਾਂ
ਤੇ ਹੋ ਜਾਂਦੇ ਬਿਮਾਰ
ਪਿਆਰ ਹੀ

ਹਰ ਸ਼ੈਅ ਨੂੰ ਬਖਸ਼ੇ ਜ਼ਿੰਦਗੀ
ਪਿਆਰ ਹੀ
ਕੰਡਾ ਬਣਾ ਦਿੰਦਾ ਹੈ ਮਾਰ
ਪਿਆਰ ਹੀ
ਹਰ ਜ਼ਿੰਦਗੀ ਨੂੰ
ਆਖ਼ਰੀ
ਇੱਕ ਰੋਗ ਲਾਵੇ।

ਰੋਜ਼ ਸੱਸੀ
ਪੱਟਦੀ ਇਸ਼ਕੇ ਦੇ ਥੇਹ
ਰੋਜ਼ ਵਿੱਚੋਂ
ਨਿੱਕਲੇ ਕਿਸਮਤ ਦੀ ਖੇਹ
ਰੋਜ਼ ਵਾਜਾਂ ਮਾਰਦੀ

ਸੱਸੀ ਦੀ ਤੇਹ
ਰੋਜ਼ ਭੱਜੀ ਆਂਵਦੀ
ਯਾਦਾਂ ਦੀ ਸੇਹ
ਰੋਜ਼ ਹੀ
ਸੱਸੀ ਦੀ ਬੁੱਕਲ
ਅੱਥਰੂ
ਇੱਕ ਡੋਹਲ ਜਾਵੇ।

ਰੋਜ਼ ਸੱਸੀ
ਤਾਰਿਆਂ ਨੂੰ ਚੋਗ ਜਾਵੇ
ਰੋਜ਼ ਪੁੰਨੂ
ਰੇਤਿਆਂ ਵਿੱਚ ਗੁੰਮ ਜਾਵੇ।

***

## ਅੱਕ

ਸੱਜਣ ਜੀ
ਮੇਰੇ ਪਿੰਡੇ ਉੱਤੇ
ਅੱਕ ਉੱਗ ਆਏ
ਐਸੇ–
ਰੋਜ਼ ਹਾਲਾਤਾਂ ਨੇ
ਮੈਨੂੰ ਜ਼ਹਿਰ ਪਿਲਾਏ।

ਸੱਜਣ ਜੀ
ਅੱਕਾਂ ਦੇ ਬੂਟੇ
ਉੱਗਦੇ ਵਿੱਚ ਉਜਾੜਾਂ
ਜਦ ਕਿੱਧਰੇ
ਕੋਈ ਆਸ਼ਕ ਮਰਦਾ
ਰੋਂਦੀਆਂ ਹੋਣ ਬਹਾਰਾਂ
ਜਦ ਕਿੱਧਰੇ
ਕਬਰਾਂ ਦੀ ਮਿੱਟੀ
ਪਾਵੇ ਵੈਣ ਕਰੁੱਤੇ
ਜਦ ਕਿੱਧਰੇ
ਰੀਝਾਂ ਦੀਆਂ ਲਾਸ਼ਾਂ
ਰੁਲਦੀਆਂ ਭਰੇ ਬਾਜ਼ਾਰਾਂ
ਜਦ ਕਿੱਧਰੇ
ਕੋਈ ਅੰਮ੍ਰਿਤ ਵੇਲੇ
ਉੱਠੇ ਤੇ ਕੁਰਲਾਏ।

ਸੱਜਣ ਜੀ
ਅੱਕਾਂ ਦੇ ਬੂਟੇ
ਉੱਗਦੇ ’ਕੱਲ–ਕਲਾਪੇ
ਜਦ ਤਲੀਆਂ ’ਤੇ

ਚਾਨਣ ਮਰਦਾ
ਬੁੱਕਲ ਮਰਦੇ ਹਾਸੇ
ਜਦ ਬੁੱਕਲ ਵਿੱਚ
ਨਾਗ ਗ਼ਮਾਂ ਦੇ
ਕਰਦੇ ਰੋਜ ਸਿਆਪੇ
ਜਦ ਜ਼ੁਲਫਾਂ ਵਿੱਚ
ਪਾਉਣ ਆਲ੍ਹਣੇ
ਮੋਏ ਖ਼ਾਬ ਉਦਾਸੇ
ਜਦ ਹੋਠਾਂ ’ਤੇ
ਨਾਂ ਸੱਜਣਾਂ ਦਾ
ਪਿਆ-ਪਿਆ ਸੁੱਕ ਜਾਏ।

ਸੱਜਣ ਜੀ
ਮੇਰੇ ਪਿੰਡੇ ਉੱਤੇ
ਅੱਕ ਉੱਗ ਆਏ
ਐਸੇ-
ਰੋਜ਼ ਹਾਲਾਤਾਂ ਨੇ
ਮੈਨੂੰ ਜ਼ਹਿਰ ਪਿਲਾਏ।

***

## ਖੇਤੀ ਦਾ ਭਵਿੱਖ
## (ਦੁਨੀਆ ਦੇ ਹੱਥ 'ਚ ਪਹਿਲਾ ਖਰੜਾ)

ਮੈਂ ਪੰਜਾਬ ਦਾ ਜੱਟ
ਖੇਤੀ ਦਾ ਭਵਿੱਖ ਲਿਖਣ ਲੱਗਾ ਹਾਂ
ਖ਼ੁਦਕਸ਼ੀਆਂ, ਕਰਜ਼ੇ, ਬੇਜ਼ਮੀਨਾ ਜੱਟ
ਮੈਂ ਕਿਹੜਾ ਸ਼ਬਦ ਲਿਖਾਂ
ਕਿਸ ਤਰਾਂ ਲਿਖਾਂ
ਕਿ ਦੁਨੀਆ ਦਾ ਚੁੱਲਾ
ਪੰਜਾਬ ਦੀ ਜ਼ਮੀਨ
ਜੱਟ ਦਾ ਸਿਵਾ ਹੈ
ਮੈਂ ਇਹ ਪਾਪ ਨਹੀਂ ਕਰ ਸਕਦਾ।

ਮੈਂ ਬ੍ਰਹਿਮੰਡ ਬਾਰੇ ਸੋਚਾਂਗਾ
ਸਮੁੱਚਾ ਬ੍ਰਹਿਮੰਡ
ਤਿੰਨ ਤੱਤਾਂ ਤੋਂ ਬਣਿਆ ਹੈ
ਮਿੱਟੀ, ਅਗਨੀ ਅਤੇ ਅਕਾਸ਼
ਅਣੂ ਤੋਂ ਲੈ ਕੇ ਬ੍ਰਹਿਮੰਡ ਤੱਕ
ਹਰ ਚੀਜ਼ ਤਿੰਨ ਤੱਤਾਂ ਤੋਂ ਬਣੀ ਹੈ
ਬਿਲਕੁਲ ਉਸੇ ਤਰ੍ਹਾਂ
ਜਿਸ ਤਰ੍ਹਾਂ ਮਨੁੱਖ
ਮਿੱਟੀ (ਮਿੱਟੀ, ਪਾਣੀ, ਹਵਾ)
ਅਗਨੀ, ਅਕਾਸ਼ ਤੋਂ ਬਣਿਆ ਹੈ।

ਮੈਂ ਹੋਰ ਅੱਗੇ ਸੋਚਦਾ ਹਾਂ
ਪੌਦੇ ਵੀ ਇਹਨਾਂ ਤਿੰਨ ਤੱਤਾਂ
ਮਿੱਟੀ, ਅਗਨੀ, ਅਕਾਸ਼ ਦੇ ਬਣੇ ਹਨ
ਇਹ ਸੋਚ ਹੀ ਮੇਰੇ ਭਵਿੱਖ ਦਾ ਦਰਵਾਜ਼ਾ ਹੈ।

ਮੈਂ ਹੋਰ ਅੱਗੇ ਸੋਚਦਾ ਹਾਂ
ਹੁਣ ਤੱਕ ਅਸੀਂ ਕੀ ਕੀਤਾ ਹੈ
ਮਿੱਟੀ ਨਾਲ ਮਿੱਟੀ ਹੋਏ ਹਾਂ
ਮਿੱਟੀ ਵਿੱਚ ਰੇਹ-ਕੂੜਾ
ਬਣ ਕੇ ਡਿੱਗੇ ਹਾਂ
ਪਾਣੀ ਲਈ ਖਾਲ਼ ਦਾ ਨੱਕਾ ਬਣੇ ਹਾਂ
ਫੇਰ ਗ਼ਲਤੀ ਕਿੱਥੇ ਹੈ।

ਮੈਂ ਹੋਰ ਅੱਗੇ ਸੋਚਦਾ ਹਾਂ
ਅਸੀਂ ਸੂਰਜ ਦੇ ਸਵਾਗਤ ਲਈ
ਸਵਾਗਤੀ ਗੇਟ ਨਹੀਂ ਬਣਾਇਆ
ਰੀਝਾਂ ਦੇ ਹਾਰ ਲੈ ਕੇ ਨਹੀਂ ਖੜ੍ਹੇ
ਅਸੀਂ ਹਾਲੇ ਤੀਕ
ਅਗਨੀ ਨਾਲ ਅਗਨੀ ਨਹੀਂ ਹੋਏ
ਉਹ ਸੂਰਜ ਉਹ ਅਗਨੀ
ਜੇ ਇੱਕ ਦਿਨ ਨਾ ਚੜ੍ਹੇ
ਜ਼ਿੰਦਗੀ ਭਸਮ ਹੋ ਜਾਵੇਗੀ
ਏਸੇ ਲਈ ਰੱਬ ਨਰਾਜ਼ ਹੈ
ਏਸੇ ਲਈ ਕੁਦਰਤ ਕਹਿਰਵਾਨ ਹੈ।

ਮੈਂ ਹੋਰ ਅੱਗੇ ਸੋਚਦਾ ਹਾਂ
ਸੂਰਜ ਦੀ ਅਗਨੀ ਨੂੰ ਸਿਰ ਝੁਕਾਉਂਦਾ ਹਾਂ
ਆਪਣੀ ਜ਼ਮੀਨ ‘ਤੇ ਪਹਿਲੀ ਮੰਜ਼ਿਲ ਪਾਉਂਦਾ ਹਾਂ
ਲੋਹੇ ਦੀ ਟੀਨ, ਪਲਾਸਟਿਕ, ਬੱਜਰੀ, ਸਰੀਆ
ਸਮੇਂ ਦੀ ਸਰਕਾਰ
ਜੋ ਵੀ ਸਸਤਾ ਦੇਵੇ

ਮੈਂ ਖਰੀਦਾਂਗਾ
ਤੇ  ਸਾਰੀ ਦੁਨੀਆ ਤੋਂ ਪਹਿਲਾਂ
ਆਪਣੀ ਜ਼ਮੀਨ ’ਤੇ
ਦਸ ਫੁੱਟ ਉੱਚੀ
ਪਹਿਲੀ ਮੰਜ਼ਿਲ ਪਾਵਾਂਗਾ।

ਮੈਂ ਹੋਰ ਅੱਗੇ ਸੋਚਦਾ ਹਾਂ
ਏਸ ਮੰਜ਼ਿਲ ਵਿੱਚ
ਮੈਂ ਦੋ ਤਰ੍ਹਾਂ ਦੀਆਂ ਮੋਰੀਆਂ ਰੱਖਾਂਗਾ
ਧੁੱਪ ਅਤੇ ਪਾਣੀ ਲਈ
ਤਾਂ ਜੋ ਥੱਲੜੀ ਫਸਲ ਦੀ
ਧੁੱਪ ਦੀ ਜ਼ਰੂਰਤ ਪੂਰੀ ਹੋ ਸਕੇ
ਉਤਲੀ ਮੰਜ਼ਿਲ ਦਾ ਪਾਣੀ ਨਿੱਕਲ ਸਕੇ
ਇਹ ਮੋਰੀਆਂ ਮੈਂ ਫਸਲਾਂ ਅਨੁਸਾਰ
ਵਧਾਵਾਂਗਾ-ਘਟਾਵਾਂਗਾ
ਏਹੀ ਮੰਜ਼ਿਲ
ਵਾਧੂ ਧੁੱਪ ਨੂੰ ਰੋਕ ਕੇ
ਧਰਤੀ ਦਾ ਪਾਣੀ ਬਚਾਵੇਗੀ।

ਮੈਂ ਹੋਰ ਅੱਗੇ ਸੋਚਦਾ ਹਾਂ
ਪਹਿਲੀ ਮੰਜ਼ਿਲ ’ਤੇ
ਮੈਂ ਸਭ ਕੁਝ ਬੀਜਾਂਗਾ
ਕਣਕ, ਝੋਨਾ, ਮੂੰਗੀ, ਸਬਜ਼ੀਆਂ, ਮਾਂਹ, ਮੋਠ।

ਮੈਂ ਹੋਰ ਅੱਗੇ ਸੋਚਦਾ ਹਾਂ
ਮੈਂ ਪੰਜਾਬ ਦਾ ਜੱਟ ਹਾਂ

ਆਸ ਨਹੀਂ ਛੱਡਾਂਗਾ
ਜੀਵਨ ਦੀ ਆਸ ਲੈ ਕੇ
ਆਪਣੀ ਸੋਚ ਅਤੇ
ਪਹਿਲੀ ਮੰਜ਼ਿਲ ਦਾ ਖਰੜਾ ਲੈ ਕੇ
ਬੁੱਧੀਜੀਵੀਆਂ ਕੋਲ ਜਾਵਾਂਗਾ
ਗੁਰੂ ਘਰ ਜਾਵਾਂਗਾ
ਇੱਕ ਦਿਨ
ਆਪਣੀ ਜ਼ਮੀਨ 'ਤੇ
ਪਹਿਲੀ ਮੰਜ਼ਿਲ ਪਾਵਾਂਗਾ।

***